**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਬਲਵੀਰ ਸਿੰਘ ਸੈਣੀ,(ਮੋਬ 9988721479)
ਮਕਾਨ ਨੰ:349, ਗਲੀ ਨੰ: 3 ਦਸਮੇਸ਼ ਨਗਰ,
ਡਿਗਾਣਾ ਰੋਡ, ਹੁਸ਼ਿਆਰਪੁਰ। --------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਪ੍ਰਮੁੱਖ ਸੱਕਤਰ, ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ (ਆਈ.ਟੀ.ਵਿੰਗ) ਪੰਜਾਬ,
ਚੰਡੀਗੜ੍ਹ।

ਪਹਿਲੀ ਅਪੀਲੀ ਅਥਾਰਟੀ,
ਦਫਤਰ ਪ੍ਰਮੁੱਖ ਸੱਕਤਰ, ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਪੰਜਾਬ, ਚੰਡੀਗੜ੍ਹ। -------ਉੱਤਰਦਾਤਾ

**ਅਪੀਲ ਕੇਸ ਨੰ:898 /2019**

**ਹਾਜ਼ਰ:-**

1) ਸ਼੍ਰੀ ਬਲਵੀਰ ਸਿੰਘ ਸੈਣੀ, ਅਪੀਲਕਰਤਾ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਹਰਪਾਲ ਸਿੰਘ, ਉਪ ਡਾਇਰੈਕਟਰ, ਉਦਯੋਗਿਕ ਸਿਖਲਾਈ-ਕਮ- ਲੋਕ ਸੂਚਨਾ ਅਧਿਕਾਰੀ (94170-56651), ਸ਼੍ਰੀ ਭਜਨ ਸਿੰਘ ਸੁਪਰਡੰਟ-ਕਮ-ਸਹਾਇਕ ਲੋਕ ਸੂਚਨਾ ਅਧਿਕਾਰੀ, ਸ਼੍ਰੀ ਰਸੁਪਾਲ ਸਿੰਘ, ਸੀਨੀਅਰ ਸਹਾਇਕ (78883-37162) ਅਤੇ ਪਹਿਲੀ ਅਪੀਲੀ ਅਥਾਰਟੀ ਵੱਲੋਂ ਸ਼੍ਰੀ ਨਰਿੰਦਰ ਸਿੰਘ, ਸੀਨੀਅਰ ਸਹਾਇਕ (90230-50997)।

**ਹੁਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇੱਕ ਬਿਨੈ ਪੱਤਰ ਮਿਤੀ 30-08-2018 ਨੂੰ ਲੋਕ ਸੂਚਨਾ ਅਧਿਕਾਰੀ, ਦਫ਼ਤਰ ਪ੍ਰਮੁੱਖ ਸੱਕਤਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ (ਆਈ.ਟੀ.ਵਿੰਗ) ਪੰਜਾਬ, ਚੰਡੀਗੜ ਨੂੰ ਪੇਸ਼ ਕੀਤਾ ਗਿਆ ਸੀ ਜਿਸ ਰਾਹੀਂ ਉਸ ਵੱਲੋਂ ਸਰਕਾਰ ਦੇ ਪਿੱਠ ਅੰਕਣ ਨੰ:1/106/2018-2ਤਸਿ1/184-86, ਮਿਤੀ 13-08-2018 ਦੇ ਪੱਤਰ ਅਨੁਸਾਰ ਬਦਲੀਆਂ ਕਰਨ/ਬਦਲੀਆਂ ਰੱਦ ਕਰਨ ਅਤੇ ਡੀ.ਡੀ.ਓ.ਪਾਵਰਾਂ ਦੇਣ ਨਾਲ ਸਬੰਧਤ 05 ਨੁਕਤਿਆਂ ਬਾਰੇ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ। ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 17-10-2018 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਪਹਿਲੀ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਮਿਤੀ 06-03-2019 ਨੂੰ ਅਪੀਲਕਰਤਾ ਨੇ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਜਿਸ ਨੂੰ ਪੜਚੋਲਣ ਉਪਰੰਤ ਕਮਿਸ਼ਨ ਵੱਲੋਂ ਮਿਤੀ 04-04-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ, ਮਿਤੀ 07-05-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਪਿਛਲੀ ਪੇਸ਼ੀ, ਮਿਤੀ 07-05-2019 ਤੇ ਦੋਵੇਂ ਧਿਰਾਂ ਨੂੰ ਸੁਣਿਆ ਗਿਆ ਸੀ। ਅਪੀਲਕਰਤਾ ਨੇ ਕਿਹਾ ਸੀ ਕਿ ਉਸ ਨੂੰ ਸੂਚਨਾ ਪ੍ਰਾਪਤ ਨਹੀਂ ਹੋਈ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ, ਸ਼੍ਰੀਮਤੀ ਦਲਜੀਤ ਕੌਰ, ਵਧੀਕ ਡਾਇਰੈਕਟਰ, ਉਦਯੋਗਿਕ ਸਿਖਲਾਈ ਨੇ ਪੱਤਰ ਨੰ:11/13/2019-2ਤਸਿ1/1476266/1, ਮਿਤੀ 06-05-2019 ਰਾਹੀਂ ਨੁਕਤਾਵਾਰ ਸੂਚਨਾ ਪੇਸ਼ ਕੀਤੀ ਸੀ ਜਿਸ ਦੀ ਇੱਕ ਕਾਪੀ ਅਪੀਲਕਰਤਾ ਨੂੰ ਵੀ ਦਸਤੀ ਦੇ ਦਿੱਤੀ ਗਈ ਸੀ।ਹਾਜ਼ਰ ਉੱਤਰਦਾਤਾ ਵੱਲੋਂ ਪੇਸ਼ ਕੀਤਾ ਗਿਆ ਪੱਤਰ ਮਿਸਲ ਤੇ ਰੱਖ ਲਿਆ ਗਿਆ ਸੀ। ਇਸ ਪੱਤਰ ਰਾਹੀਂ ਹਾਜ਼ਰ ਉੱਤਰਦਾਤਾ ਵੱਲੋਂ ਇਹ ਵੀ ਕਿਹਾ ਗਿਆ ਸੀ ਕਿ ਅਪੀਲਕਰਤਾ ਅਜਿਹੀਆਂ ਸੂਚਨਾਵਾਂ ਮੰਗਣ ਦਾ ਆਦੀ ਹੈ ਅਤੇ ਉਹ ਬਿਨ੍ਹਾਂ ਕਿਸੇ ਕਾਰਨ ਉੱਤਰਦਾਤਾ ਨੂੰ ਪ੍ਰੇਸ਼ਾਨ ਕਰ ਰਿਹਾ ਹੈ। ਇਸ ਲਈ ਉੱਤਰਦਾਤਾ ਵੱਲੋਂ ਬੇਨਤੀ ਕੀਤੀ ਗਈ ਸੀ ਕਿ ਅਪੀਲਕਰਤਾ ਨੂੰ ਅਜਿਹੀਆਂ ਸੂਚਨਾਵਾਂ ਮੰਗਣ ਤੋਂ ਗੁਰੇਜ਼ ਕਰਨ ਦੀ ਹਦਾਇਤ ਕੀਤੀ ਜਾਵੇ ਤਾਂ ਜ਼ੋ ਆਰ.ਟੀ.ਆਈ. ਐਕਟ ਦੀ ਦੁਰਵਰਤੋਂ ਨੂੰ ਰੋਕਿਆ ਜਾ ਸਕੇ।

3. ਅਪੀਲਕਰਤਾ ਨੂੰ ਜਦੋਂ ਉਸ ਦੀ ਆਰ.ਟੀ.ਆਈ. ਅਰਜ਼ੀ ਦੇ ਪੈਰ੍ਹਾ 1 ਵਿੱਚ ਭ੍ਰਿਸ਼ਟਾਚਾਰ ਸਬੰਧੀ ਵਰਤੀ ਗਈ ਸ਼ਬਦਾਵਲੀ ਬਾਰੇ ਪੁੱਛਿਆ ਗਿਆ ਕਿ ਇਹ ਸ਼ਬਦਾਵਲੀ ਕਿਸ ਅਧਾਰ ਤੇ ਲਿਖੀ ਗਈ ਹੈ ਤਾਂ ਉਹ ਇਸ ਬਾਰੇ ਕੋਈ ਵੀ ਜਵਾਬ

ਚਲਦਾ---ਪੰਨਾ/2

ਨਹੀਂ ਦੇ ਸਕਿਆ ਸੀ। ਅਪੀਲਕਰਤਾ ਨੂੰ ਭਵਿੱਖ ਵਿੱਚ ਅਜਿਹੀ ਸ਼ਬਦਾਵਲੀ ਦੀ ਵਰਤੋਂ ਤੋਂ ਗੁਰੇਜ਼ ਕਰਨ ਲਈ ਸਖਤ ਚਿਤਾਵਨੀ ਦਿੱਤੀ ਗਈ ਸੀ। ਅਪੀਲਕਰਤਾ ਨੇ ਆਪਣੀ ਗਲਤੀ ਮੰਨੀ ਸੀ ਅਤੇ ਭਵਿੱਖ ਵਿੱਚ ਅਜਿਹੀ ਸ਼ਬਦਾਵਲੀ ਨਾ ਵਰਤਣ ਦਾ ਭਰੋਸਾ ਦਿੱਤਾ ਸੀ।

4. ਹਾਜ਼ਰ ਉੱਤਰਦਾਤਾ ਵੱਲੋਂ ਅਪੀਲਕਰਤਾ ਨੂੰ ਨੁਕਤਾਵਾਰ ਸੂਚਨਾ ਦਸਤੀ ਦੇ ਦਿੱਤੀ ਗਈ ਸੀ। ਇਸ ਲਈ ਅਪੀਲਕਰਤਾ ਨੂੰ ਹਦਾਇਤ ਕੀਤੀ ਗਈ ਸੀ ਕਿ ਜੇਕਰ ਉਸ ਨੂੰ ਪ੍ਰਾਪਤ ਹੋਈ ਸੂਚਨਾ ਵਿੱਚ ਕੋਈ ਤਰੁੱਟੀਆਂ ਪਾਈਆਂ ਜਾਣ ਤਾਂ ਉਨ੍ਹਾਂ ਬਾਰੇ ਲਿਖਤੀ ਰੂਪ ਵਿੱਚ ਲੋਕ ਸੂਚਨਾ ਅਧਿਕਾਰੀ ਨੂੰ ਸਿੱਧੇ ਤੌਰ ਤੇ ਸੂਚਿਤ ਕੀਤਾ ਜਾਵੇ ਤਾਂ ਜ਼ੋ ਉਨ੍ਹਾਂ ਦੀ ਪੂਰਤੀ ਕੀਤੀ ਜਾ ਸਕੇ। ਇਸ ਹਦਾਇਤ ਦੇ ਨਾਲ ਇਹ ਕੇਸ ਅਗਲੀ ਸੁਣਵਾਈ ਮਿਤੀ 24-06-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

5. ਅੱਜ ਫਿਰ ਦੋਵੇਂ ਧਿਰਾਂ ਨੂੰ ਸੁਣਿਆ ਗਿਆ। ਹਾਜ਼ਰ ਉੱਤਰਦਾਤਾ, ਸ਼੍ਰੀ ਨਰਿੰਦਰ ਸਿੰਘ, ਸੀਨੀਅਰ ਸਹਾਇਕ-ਕਮ-ਲੋਕ ਸੂਚਨਾ ਅਧਿਕਾਰੀ ਦਫਤਰ ਪ੍ਰਮੁੱਖ ਸੱਕਤਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਪੰਜਾਬ, ਚੰਡੀਗੜ੍ਹ ਨੇ ਕਿਹਾ ਹੈ ਕਿ ਅਪੀਲਕਰਤਾ ਨੂੰ ਪਹਿਲਾਂ ਹੀ ਪਿਛਲੀ ਪੇਸ਼ੀ ਤੇ ਸੂਚਨਾ ਦਸਤੀ ਦਿੱਤੀ ਜਾ ਚੁੱਕੀ ਹੈ। ਪਰੰਤੂ ਅਪੀਲਕਰਤਾ ਵੱਲੋਂ ਕਮਿਸ਼ਨ ਦੇ ਹੁਕਮ, ਮਿਤੀ 07-05-2019 ਦੀ ਪਾਲਣਾ ਹਿੱਤ ਸੂਚਨਾ ਵਿੱਚ ਪਾਈ ਗਈ ਕਿਸੇ ਵੀ ਤਰੁੱਟੀ ਬਾਰੇ ਉਨ੍ਹਾਂ ਨੂੰ ਸੂਚਿਤ ਨਹੀਂ ਕੀਤਾ ਗਿਆ।ਇਸ ਲਈ ਉਨ੍ਹਾਂ ਵੱਲੋਂ ਕੇਸ ਦਾਖਲ ਦਫ਼ਤਰ ਕਰਨ ਲਈ ਬੇਨਤੀ ਕੀਤੀ ਗਈ ਹੈ।

6. ਅਪੀਲਕਰਤਾ ਨੇ ਕਿਹਾ ਕਿ ਉਹ ਉੱਤਰਦਾਤਾ ਵੱਲੋਂ ਦਿੱਤੀ ਗਈ ਸੂਚਨਾ ਤੋਂ ਸੰਤੁਸ਼ਟ ਨਹੀਂ ਹੈ ਇਸ ਕਰਕੇ ਉਸ ਵੱਲੋਂ ਈ.ਮੇਲ ਰਾਹੀਂ ਉੱਤਰਦਾਤਾ ਨੂੰ ਤਰੁਟੀਆਂ ਬਾਰੇ ਸੂਚਿਤ ਕੀਤਾ ਹੋਇਆ ਹੈ ਪਰੰਤੂ ਹਾਜ਼ਰ ਉੱਤਰਦਾਤਾ ਨੇ ਕਿਹਾ ਕਿ ਉਨ੍ਹਾਂ ਦੇ ਦਫ਼ਤਰ ਦੀ ਈ.ਮੇਲ ਆਈ.ਡੀ. ਤੇ ਅਪੀਲਕਰਤਾ ਵੱਲੋਂ ਦੱਸੀਆਂ ਗਈਆਂ ਤਰੁੱਟੀਆਂ ਬਾਰੇ ਕੋਈ ਈ.ਮੇਲ ਪ੍ਰਾਪਤ ਨਹੀਂ ਹੋਈ ਹੈ। ਉੱਤਰਦਾਤਾ ਵੱਲੋਂ ਇਹ ਵੀ ਕਿਹਾ ਗਿਆ ਕਿ ਉਹ ਦਫ਼ਤਰ ਦੀ ਦੂਸਰੀ ਈ.ਮੇਲ ਆਈ.ਡੀ. ਤੇ ਅਪੀਲਕਰਤਾ ਵੱਲੋਂ ਭੇਜੀ ਗਈ ਈ.ਮੇਲ ਚੈੱਕ ਕਰ ਲੈਣਗੇ।

7. ਅਪੀਲਕਰਤਾ ਨੇ ਕਿਹਾ ਹੈ ਕਿ ਉਹ ਇਸ ਬੈਂਚ ਦੀ ਕਾਰਵਾਈ ਤੋਂ ਸੰਤੁਸ਼ਟ ਨਹੀਂ ਹੈ ਅਤੇ ਇਸ ਕਰਕੇ ਉਸ ਵੱਲੋਂ ਆਪਣਾ ਕੇਸ ਕਿਸੇ ਹੋਰ ਬੈਂਚ ਕੋਲ ਤਬਦੀਲ ਕਰਾਉਣ ਬਾਰੇ ਮਾਣਯੋਗ ਮੁੱਖ ਸੂਚਨਾ ਕਮਿਸ਼ਨਰ, ਪੰਜਾਬ ਜੀ ਨੂੰ ਅਪੀਲ ਕੀਤੀ ਹੋਈ ਹੈ। ਅਪੀਲਕਰਤਾ ਦੀ ਅਪੀਲ ਸਬੰਧੀ ਪੱਤਰ, ਮਿਤੀ 21-05-2019 ਮਾਣਯੋਗ ਮੁੱਖ ਸੂਚਨਾ ਕਮਿਸ਼ਨਰ, ਪੰਜਾਬ ਜੀ ਵੱਲੋਂ ਮਿਤੀ 24-05-2019 ਨੂੰ ਵੇਖਣ ਉਪਰੰਤ ਇਸ ਪੱਤਰ ਨੂੰ ਦਾਖਲ ਦਫ਼ਤਰ ਕਰਨ ਲਈ ਹੁਕਮ ਪਾਸ ਕਰਦੇ ਹੋਏ ਇਸ ਬੈਂਚ ਨੂੰ ਭੇਜਿਆ ਗਿਆ ਹੈ। ਇਸ ਕਰ ਕੇ ਇਸ ਬੈਂਚ ਵੱਲੋਂ ਇਸ ਕੇਸ ਦੀ ਸੁਣਵਾਈ ਕੀਤੀ ਜਾ ਰਹੀ ਹੈ।

8. ਅਪੀਲਕਰਤਾ ਸ਼ਿਕਾਇਤਾਂ ਕਰਨ ਦਾ ਆਦੀ ਹੈ। ਅਪੀਲਕਰਤਾ ਵੱਲੋਂ ਨਿਮਨ-ਹਸਤਾਖਰ ਦੇ ਖਿਲਾਫ ਵੀ ਮਾਨਯੋਗ ਮੁੱਖ ਸੂਚਨਾ ਕਮਿਸ਼ਨਰ ਜੀ ਕੋਲ ਸ਼ਿਕਾਇਤ ਕਰ ਕੇ ਦੋਸ਼ ਲਗਾਇਆ ਗਿਆ ਹੈ ਕਿ ਨਿਮਨ-ਹਸਤਾਖਰ ਵੱਲੋਂ ਰਿਕਾਰਡ ਦੇਣ ਵਾਲੇ ਮੁਲਾਜ਼ਮਾਂ/ਅਧਿਕਾਰੀਆਂ ਨੂੰ ਖੁਸ਼ ਕਰਨ ਅਤੇ ਰਿਕਾਰਡ ਨਾ ਦਿਵਾਉਣ ਵਿੱਚ ਮਦਦ ਕੀਤੀ ਜਾ ਰਹੀ ਹੈ। ਜਦੋਂ ਉਸ ਨੂੰ ਇਹ ਪੁੱਛਿਆ ਗਿਆ ਕਿ ਇਹ ਦੋਸ਼ ਕਿਸ ਅਧਾਰ ਤੇ ਲਗਾਇਆ ਗਿਆ ਹੈ ਤਾਂ ਉਹ ਇਸ ਬਾਰੇ ਕੋਈ ਸਪੱਸ਼ਟੀਕਰਨ ਨਹੀਂ ਦੇ ਸਕਿਆ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਅਪੀਲਕਰਤਾ ਨੂੰ ਪਹਿਲਾਂ ਹੀ ਪਿਛਲੀ ਪੇਸ਼ੀ, ਮਿਤੀ 07-05-2019 ਤੇ ਸੂਚਨਾ ਦਸਤੀ ਦਿੱਤੀ ਜਾ ਚੁੱਕੀ ਹੈ। ਇਸ ਲਈ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜੇਕਰ ਅਪੀਲਕਰਤਾ ਵੱਲੋਂ ਸੂਚਨਾ ਵਿੱਚ ਪਾਈਆਂ ਗਈਆਂ ਤਰੁੱਟੀਆਂ ਬਾਰੇ ਉਨ੍ਹਾਂ ਨੂੰ ਈ.ਮੇਲ ਪ੍ਰਾਪਤ ਹੋਈ ਹੋਵੇ ਤਾਂ ਅਪੀਲਕਰਤਾ ਨੂੰ ਤਰੁੱਟੀਆਂ ਦੂਰ ਕਰਨ ਉਪਰੰਤ ਸੂਚਨਾ ਮੁਹੱਈਆ ਕਰਵਾ ਦਿੱਤੀ ਜਾਵੇ ਅਤੇ ਜੇਕਰ ਈ.ਮੇਲ ਪ੍ਰਾਪਤ ਨਾ ਹੋਈ ਹੋਵੇ ਤਾਂ ਈ.ਮੇਲ ਆਈ.ਡੀ ਚੈੱਕ ਕਰਕੇ ਕਮਿਸ਼ਨ ਨੂੰ ਸੂਚਿਤ ਕਰ ਦਿੱਤਾ ਜਾਵੇ। ਇਸ ਹਦਾਇਤ ਦੇ ਨਾਲ ਅਪੀਲਕਰਤਾ ਵੱਲੋਂ ਕਮਿਸ਼ਨ ਵਿਖੇ ਦਾਇਰ ਕੀਤਾ ਗਿਆ **ਅਪੀਲ ਕੇਸ ਦਾਖਲ ਦਫ਼ਤਰ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**

**ਮਿਤੀ: ਚੰਡੀਗੜ੍ਹ, 24 ਜੂਨ, 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਦਿਲਬਾਗ ਚੰਦ, (ਮੋਬ; 9814414473)
(ਨਾਇਬ ਸੂਬੇਦਾਰ ਰਿਟਾਇਰਡ)
ਪੁੱਤਰ ਸ਼੍ਰੀ ਰਾਮਜੀ ਦਾਸ,
ਪਿੰਡ ਹਿਆਤਪੁਰ, ਡਾਕਖਾਨਾ ਹੰਬੋਵਾਲ,
ਤਹਿਸੀਲ ਸਮਰਾਲਾ,
ਜ਼ਿਲ੍ਹਾ ਲੁਧਿਆਣਾ। ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਨਿਗਰਾਨ ਇੰਜੀਨੀਅਰ,
ਲੋਕ ਨਿਰਮਾਣ ਵਿਭਾਗ (ਭਵਨ ਤੇ ਮਾਰਗ),
ਲੁਧਿਆਣਾ।

ਪਹਿਲੀ ਅਪੀਲੀ ਅਥਾਰਟੀ,
ਦਫਤਰ ਨਿਗਰਾਨ ਇੰਜੀਨੀਅਰ (ਉਸਾਰੀ ਸਰਕਲ),
ਲੋਕ ਨਿਰਮਾਣ ਵਿਭਾਗ (ਭਵਨ ਤੇ ਮਾਰਗ),
ਲੁਧਿਆਣਾ। ------ਉੱਤਰਦਾਤਾ

**ਅਪੀਲ ਕੇਸ ਨੰ 934/2019**

**ਹਾਜ਼ਰ:-**

1) ਅਪੀਲਕਰਤਾ ਵੱਲੋਂ ਕੋਈ ਵੀ ਨਹੀਂ।
2) ਉੱਤਰਦਾਤਾ ਵੱਲੋਂ ਵੀ ਕੋਈ ਨਹੀਂ।

**ਹੁਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇੱਕ ਬਿਨੈ ਪੱਤਰ ਮਿਤੀ 01-12-2018 ਨੂੰ ਲੋਕ ਸੂਚਨਾ ਅਧਿਕਾਰੀ, ਦਫ਼ਤਰ ਨਿਗਰਾਨ ਇੰਜੀਨੀਅਰ, ਲੋਕ ਨਿਰਮਾਣ ਵਿਭਾਗ (ਭਵਨ ਤੇ ਮਾਰਗ), ਲੁਧਿਆਣਾ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਵੱਲੋਂ ਸ਼੍ਰੀ ਕਰਨੈਲ ਸਿੰਘ ਵਿਰੁੱਧ ਦਿੱਤੀ ਗਈ ਦਰਖਾਸਤ, ਮਿਤੀ 09-10-2018 ਨਾਲ ਸਬੰਧਤ 06 ਨੁਕਤਿਆਂ ਬਾਰੇ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 04-02-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਪਹਿਲੀ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਮਿਤੀ 06-03-2019 ਨੂੰ ਅਪੀਲਕਰਤਾ ਨੇ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਜਿਸ ਨੂੰ ਪੜਚੋਲਣ ਉਪਰੰਤ ਕਮਿਸ਼ਨ ਵੱਲੋਂ ਮਿਤੀ 05-04-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ, ਮਿਤੀ 07-05-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਪਿਛਲੀ ਪੇਸ਼ੀ, ਮਿਤੀ 08-05-2019 ਤੇ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ, ਸ਼੍ਰੀ ਬਲਜੀਤ ਸਿੰਘ, ਉਪ ਮੰਡਲ ਇੰਜੀਨੀਅਰ, ਉਪ ਮੰਡਲ, ਸਮਰਾਲਾ ਨੇ ਪੱਤਰ ਨੰ:51, ਮਿਤੀ 26-04-2019 ਦੀ ਕਾਪੀ ਪੇਸ਼ ਕਰਦੇ ਹੋਏ ਕਿਹਾ ਸੀ ਕਿ ਉਨ੍ਹਾਂ ਵੱਲੋਂ ਪਹਿਲਾਂ ਹੀ ਆਪਣੇ ਪੱਤਰ ਨੰ:621, ਮਿਤੀ 18-01-2019 ਅਤੇ ਪੱਤਰ ਨੰ:676, ਮਿਤੀ 06-02-2019 ਰਾਹੀਂ ਅਪੀਲਕਰਤਾ ਨੂੰ ਸੂਚਨਾ ਭੇਜੀ ਜਾ ਚੁੱਕੀ ਹੈ। ਹਾਜ਼ਰ ਉੱਤਰਦਾਤਾ ਵੱਲੋਂ ਪੇਸ਼ ਕੀਤਾ ਗਿਆ ਪੱਤਰ ਮਿਸਲ ਤੇ ਰੱਖ ਲਿਆ ਗਿਆ ਸੀ। ਅਪੀਲਕਰਤਾ ਹਾਜ਼ਰ ਨਹੀਂ ਹੋਇਆ ਸੀ ਪਰੰਤੂ ਉਸ ਵੱਲੋਂ ਹਾਜ਼ਰ ਨਾ ਹੋਣ ਬਾਰੇ ਆਪਣੇ ਪੱਤਰ, ਮਿਤੀ 05-05-2019 ਰਾਹੀਂ ਕਮਿਸ਼ਨ ਨੂੰ ਸੂਚਿਤ ਕਰਦੇ ਹੋਏ ਪੇਸ਼ੀ ਲਈ ਅਗਲੀ ਮਿਤੀ ਦੀ ਮੰਗ ਕੀਤੀ ਗਈ ਸੀ। ਇਸ ਲਈ ਅਪੀਲਕਰਤਾ ਨੂੰ ਹਦਾਇਤ ਕੀਤੀ ਗਈ ਸੀ ਕਿ ਜੇਕਰ ਉਸ ਨੂੰ ਪ੍ਰਾਪਤ ਹੋਈ ਸੂਚਨਾ ਵਿੱਚ ਕੋਈ ਤਰੁੱਟੀਆਂ ਪਾਈਆਂ ਜਾਣ ਤਾਂ ਉਨ੍ਹਾਂ ਬਾਰੇ ਲਿਖਤੀ ਰੂਪ ਵਿੱਚ ਲੋਕ ਸੂਚਨਾ ਅਧਿਕਾਰੀ ਨੂੰ ਸਿੱਧੇ ਤੌਰ ਤੇ ਸੂਚਿਤ ਕੀਤਾ ਜਾਵੇ ਤਾਂ ਜ਼ੋ ਉਨ੍ਹਾਂ ਦੀ ਪੂਰਤੀ ਕੀਤੀ ਜਾ ਸਕੇ।ਇਸ ਹਦਾਇਤ ਦੇ ਨਾਲ ਇਹ ਕੇਸ ਅਗਲੀ ਸੁਣਵਾਈ ਮਿਤੀ 24-06-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

3. ਅੱਜ ਪੇਸ਼ੀ ਤੇ ਦੋਵਾਂ ਧਿਰਾਂ ਵੱਲੋਂ ਕੋਈ ਵੀ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਉਨ੍ਹਾਂ ਵੱਲੋਂ ਅੱਜ ਹਾਜ਼ਰ

ਚਲਦਾ---ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲ ਕੇਸ ਨੰ:**934/2019

ਨਾ ਹੋਣ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਹੀ ਭੇਜੀ ਗਈ ਹੈ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਅਪੀਲਕਰਤਾ ਨੂੰ ਪਹਿਲਾਂ ਹੀ ਸੂਚਨਾ ਭੇਜੀ ਜਾ ਚੁੱਕੀ ਹੈ। ਅਪੀਲਕਰਤਾ ਅੱਜ ਹਾਜ਼ਰ ਨਹੀਂ ਹੋਇਆ ਜਿਸ ਤੋਂ ਜ਼ਾਹਿਰ ਹੁੰਦਾ ਹੈ ਕਿ ਅਪੀਲਕਰਤਾ ਉਸ ਨੂੰ ਪ੍ਰਾਪਤ ਹੋਈ ਸੂਚਨਾ ਤੋਂ ਸੰਤੁਸ਼ਟ ਹੈ ਅਤੇ ਉਹ ਇਸ ਕੇਸ ਦੀ ਹੋਰ ਪੈਰਵਾਈ ਵਿੱਚ ਕੋਈ ਦਿਲਚਸਪੀ ਨਹੀਂ ਰੱਖਦਾ। ਇਸ ਕਰਕੇ ਇਸ ਕੇਸ ਵਿੱਚ ਕਿਸੇ ਹੋਰ ਕਾਰਵਾਈ ਦੀ ਲੋੜ ਨਹੀਂ ਹੈ। ਇਸ ਲਈ ਅਪੀਲਕਰਤਾ ਵੱਲੋਂ ਕਮਿਸ਼ਨ ਵਿਖੇ ਦਾਇਰ ਕੀਤਾ ਗਿਆ **ਅਪੀਲ ਕੇਸ ਦਾਖਲ ਦਫ਼ਤਰ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**ਮਿਤੀ: ਚੰਡੀਗੜ੍ਹ,** 24 **ਜੂਨ,** 2019.

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਬਲਵੀਰ ਸਿੰਘ ਸੈਣੀ, (ਮੋਬ 9988721479)
ਮਕਾਨ ਨੰ:349, ਗਲੀ ਨੰ: 3 ਦਸਮੇਸ਼ ਨਗਰ,
ਡਿਗਾਣਾ ਰੋਡ, ਹੁਸ਼ਿਆਰਪੁਰ। ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ (ਆਈ.ਟੀ.ਵਿੰਗ) ਪੰਜਾਬ, ਚੰਡੀਗੜ੍ਹ।

ਪਹਿਲੀ ਅਪੀਲੀ ਅਥਾਰਟੀ,
ਦਫਤਰ ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਪੰਜਾਬ, ਚੰਡੀਗੜ੍ਹ। -------ਉੱਤਰਦਾਤਾ

**ਅਪੀਲ ਕੇਸ ਨੰ:938 /2019**

**ਹਾਜ਼ਰ:-**

1) ਸ਼੍ਰੀ ਬਲਵੀਰ ਸਿੰਘ ਸੈਣੀ, ਅਪੀਲਕਰਤਾ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਹਰਪਾਲ ਸਿੰਘ, ਉਪ ਡਾਇਰੈਕਟਰ, ਉਦਯੋਗਿਕ ਸਿਖਲਾਈ-ਕਮ- ਲੋਕ ਸੂਚਨਾ ਅਧਿਕਾਰੀ (94170-56651), ਸ਼੍ਰੀ ਭਜਨ ਸਿੰਘ ਸੁਪਰਡੰਟ-ਕਮ-ਸਹਾਇਕ ਲੋਕ ਸੂਚਨਾ ਅਧਿਕਾਰੀ, ਸ਼੍ਰੀ ਰਸ਼ਪਾਲ ਸਿੰਘ, ਸੀਨੀਅਰ ਸਹਾਇਕ (78883-37162) ਅਤੇ ਪਹਿਲੀ ਅਪੀਲੀ ਅਥਾਰਟੀ ਵੱਲੋਂ ਸ਼੍ਰੀ ਨਰਿੰਦਰ ਸਿੰਘ, ਸੀਨੀਅਰ ਸਹਾਇਕ (90230-50997)।

**ਹੁਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇੱਕ ਬਿਨੈ ਪੱਤਰ ਮਿਤੀ 04-09-2018 ਨੂੰ ਲੋਕ ਸੂਚਨਾ ਅਧਿਕਾਰੀ, ਦਫ਼ਤਰ ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ (ਆਈ.ਟੀ.ਵਿੰਗ) ਪੰਜਾਬ, ਚੰਡੀਗੜ ਨੂੰ ਪੇਸ਼ ਕੀਤਾ ਗਿਆ ਸੀ ਜਿਸ ਰਾਹੀਂ ਉਸ ਵੱਲੋਂ ਆਪਣੇ ਪੱਤਰ ਨੰ:ਸਪੈਸਲ 2018, ਮਿਤੀ 04-09-2018 ਅਨੁਸਾਰ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਦੀਆਂ ਟ੍ਰੇਡਾਂ ਵਿੱਚ ਤੈਨਾਤ ਇੰਸਟ੍ਰਕਸ਼ਨਲ ਸਟਾਫ ਅਤੇ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਵਿੱਚ ਸ਼ਡਿਊਲਕਾਸਟ ਵੈਲਫੇਅਰ ਅਤੇ ਕਰਾਫਟਸ ਮੈਨ ਟ੍ਰੇਨਿੰਗ ਸਕੀਮਾਂ ਨਾਲ ਸਬੰਧਤ 02 ਨੁਕਤਿਆਂ ਬਾਰੇ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 20-10-2018 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਪਹਿਲੀ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਮਿਤੀ 06-03-2019 ਨੂੰ ਅਪੀਲਕਰਤਾ ਨੇ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਜਿਸ ਨੂੰ ਪੜਚੋਲਣ ਉਪਰੰਤ ਕਮਿਸ਼ਨ ਵੱਲੋਂ ਮਿਤੀ 05-04-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ, ਮਿਤੀ 08-05-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਪਿਛਲੀ ਪੇਸ਼ੀ, ਮਿਤੀ 08-05-2019 ਤੇ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ, ਸ਼੍ਰੀ ਰਸ਼ਪਾਲ ਸਿੰਘ, ਸੀਨੀਅਰ ਸਹਾਇਕ ਨੇ ਪੱਤਰ ਨੰ:ਆਈ.ਟੀ./ਰਾ.ਟੂ.ਇੰਨ. ਐਕਟ/2005/141/ਬਲਵੀਰ ਸਿੰਘ ਸੈਣੀ/826-827, ਮਿਤੀ 07-05-2019 ਜ਼ੋ ਕਿ ਅਪੀਲਕਰਤਾ ਨੂੰ ਸੰਬੋਧਿਤ ਸੀ, ਪੇਸ਼ ਕਰਦੇ ਹੋਏ ਕਿਹਾ ਸੀ ਕਿ ਉਨ੍ਹਾਂ ਵੱਲੋਂ ਅਪੀਲਕਰਤਾ ਨੂੰ ਸੂਚਨਾ ਭੇਜੀ ਜਾ ਚੁੱਕੀ ਹੈ। ਹਾਜ਼ਰ ਉੱਤਰਦਾਤਾ ਵੱਲੋਂ ਪੇਸ਼ ਕੀਤਾ ਗਿਆ ਪੱਤਰ ਮਿਸਲ ਤੇ ਰੱਖ ਲਿਆ ਗਿਆ ਸੀ। ਅਪੀਲਕਰਤਾ ਹਾਜ਼ਰ ਨਹੀਂ ਹੋਇਆ ਸੀ ਅਤੇ ਨਾ ਹੀ ਉਸ ਵੱਲੋਂ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਹੀ ਭੇਜੀ ਗਈ ਸੀ। ਫਿਰ ਵੀ ਅਪੀਲਕਰਤਾ ਨੂੰ ਹਦਾਇਤ ਕੀਤੀ ਗਈ ਸੀ ਕਿ ਜੇਕਰ ਉਸ ਨੂੰ ਪ੍ਰਾਪਤ ਹੋਈ ਸੂਚਨਾ ਵਿੱਚ ਕੋਈ ਤਰੁੱਟੀਆਂ ਪਾਈਆਂ ਜਾਣ ਤਾਂ ਉਨ੍ਹਾਂ ਬਾਰੇ ਲਿਖਤੀ ਰੂਪ ਵਿੱਚ ਲੋਕ ਸੂਚਨਾ ਅਧਿਕਾਰੀ ਨੂੰ ਸਿੱਧੇ ਤੌਰ ਤੇ ਸੂਚਿਤ ਕੀਤਾ ਜਾਵੇ ਤਾਂ ਜ਼ੋ ਉਨ੍ਹਾਂ ਦੀ ਪੂਰਤੀ ਕੀਤੀ ਜਾ ਸਕੇ।ਇਸ ਹਦਾਇਤ ਦੇ ਨਾਲ ਇਹ ਕੇਸ ਅਗਲੀ ਸੁਣਵਾਈ ਮਿਤੀ 24-06-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

3. ਅੱਜ ਪੇਸ਼ੀ ਸਮੇਂ ਦੋਵੇਂ ਧਿਰਾਂ ਨੂੰ ਸੁਣਿਆ ਗਿਆ। ਹਾਜ਼ਰ ਉੱਤਰਦਾਤਾ, ਸ਼੍ਰੀ ਹਰਪਾਲ ਸਿੰਘ, ਉਪ

ਚਲਦਾ---ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲ ਕੇਸ ਨੰ:938 /2019**

ਡਾਇਰੈਕਟਰ, ਉਦਯੋਗਿਕ ਸਿਖਲਾਈ-ਕਮ-ਲੋਕ ਸੂਚਨਾ ਅਧਿਕਾਰੀ ਨੇ ਕਿਹਾ ਹੈ ਕਿ ਅਪੀਲਕਰਤਾ ਨੂੰ ਪਹਿਲਾਂ ਹੀ ਉਨ੍ਹਾਂ ਦੇ ਪੱਤਰ ਨੰ:ਆਈ.ਟੀ./ਰਾ.ਟੂ.ਇੰਨ. ਐਕਟ/2005/141/ਬਲਵੀਰ ਸਿੰਘ ਸੈਣੀ/826-827, ਮਿਤੀ 07-05-2019 ਰਾਹੀਂ ਸੂਚਨਾ ਦਿੱਤੀ ਜਾ ਚੁੱਕੀ ਹੈ। ਪਰੰਤੂ ਅਪੀਲਕਰਤਾ ਵੱਲੋਂ ਕਮਿਸ਼ਨ ਦੇ ਹੁਕਮ, ਮਿਤੀ 08-05-2019 ਦੀ ਪਾਲਣਾ ਹਿੱਤ ਸੂਚਨਾ ਵਿੱਚ ਪਾਈ ਗਈ ਕਿਸੇ ਵੀ ਤਰੁੱਟੀ ਬਾਰੇ ਉਨ੍ਹਾਂ ਨੂੰ ਸੂਚਿਤ ਨਹੀਂ ਕੀਤਾ ਗਿਆ। ਇਸ ਲਈ ਉਨ੍ਹਾਂ ਵੱਲੋਂ ਕੇਸ ਦਾਖਲ ਦਫ਼ਤਰ ਕਰਨ ਲਈ ਬੇਨਤੀ ਕੀਤੀ ਗਈ ਹੈ। ਅਪੀਲਕਰਤਾ ਨੇ ਕਿਹਾ ਹੈ ਕਿ ਉਹ ਉੱਤਰਦਾਤਾ ਵੱਲੋਂ ਦਿੱਤੀ ਗਈ ਸੂਚਨਾ ਤੋਂ ਸੰਤੁਸ਼ਟ ਨਹੀਂ ਹੈ।

5. ਅਪੀਲਕਰਤਾ ਸ਼ਿਕਾਇਤਾਂ ਕਰਨ ਦਾ ਆਦੀ ਹੈ। ਅਪੀਲਕਰਤਾ ਵੱਲੋਂ ਨਿਮਨ-ਹਸਤਾਖਰ ਦੇ ਖਿਲਾਫ ਵੀ ਮਾਨਯੋਗ ਮੁੱਖ ਸੂਚਨਾ ਕਮਿਸ਼ਨਰ ਜੀ ਕੋਲ ਸ਼ਿਕਾਇਤ ਕਰ ਕੇ ਦੋਸ਼ ਲਗਾਇਆ ਗਿਆ ਹੈ ਕਿ ਨਿਮਨ-ਹਸਤਾਖਰ ਵੱਲੋਂ ਰਿਕਾਰਡ ਦੇਣ ਵਾਲੇ ਮੁਲਾਜ਼ਮਾਂ/ਅਧਿਕਾਰੀਆਂ ਨੂੰ ਖੁਸ਼ ਕਰਨ ਅਤੇ ਰਿਕਾਰਡ ਨਾ ਦਿਵਾਉਣ ਵਿੱਚ ਮਦਦ ਕੀਤੀ ਜਾ ਰਹੀ ਹੈ। ਜਦੋਂ ਉਸ ਨੂੰ ਇਹ ਪੁੱਛਿਆ ਗਿਆ ਕਿ ਇਹ ਦੋਸ਼ ਕਿਸ ਅਧਾਰ ਤੇ ਲਗਾਇਆ ਗਿਆ ਹੈ ਤਾਂ ਉਹ ਇਸ ਬਾਰੇ ਕੋਈ ਸਪੱਸ਼ਟੀਕਰਣ ਨਹੀਂ ਦੇ ਸਕਿਆ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਅਪੀਲਕਰਤਾ ਨੂੰ ਪਹਿਲਾਂ ਹੀ ਸੂਚਨਾ ਮੁਹੱਈਆ ਕਰਵਾਈ ਜਾ ਚੁੱਕੀ ਹੈ ਅਤੇ ਅਪੀਲਕਰਤਾ ਵੱਲੋਂ ਸੂਚਨਾ ਵਿੱਚ ਪਾਈ ਗਈ ਕਿਸੇ ਵੀ ਤਰੁੱਟੀ ਬਾਰੇ ਉਨ੍ਹਾਂ ਨੂੰ ਸੂਚਿਤ ਨਹੀਂ ਕੀਤਾ ਗਿਆ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਅਪੀਲਕਰਤਾ ਨੂੰ ਦਿੱਤੀ ਗਈ ਸੂਚਨਾ ਨੂੰ ਕਮਿਸ਼ਨ ਵੱਲੋਂ ਘੋਖਣ ਉਪਰੰਤ ਤਸੱਲੀਬਖਸ਼ ਪਾਇਆ ਗਿਆ ਹੈ। ਇਸ ਕਰਕੇ ਇਸ ਕੇਸ ਵਿੱਚ ਕਿਸੇ ਹੋਰ ਕਾਰਵਾਈ ਦੀ ਲੋੜ ਨਹੀਂ ਹੈ। ਇਸ ਲਈ ਅਪੀਲਕਰਤਾ ਵੱਲੋਂ ਕਮਿਸ਼ਨ ਵਿਖੇ ਦਾਇਰ ਕੀਤਾ ਗਿਆ **ਅਪੀਲ ਕੇਸ ਦਾਖਲ ਦਫ਼ਤਰ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**

**ਮਿਤੀ: ਚੰਡੀਗੜ੍ਹ, 24 ਜੂਨ, 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਜੁਆਲਾ ਸਿੰਘ,
ਪੁੱਤਰ ਸ਼੍ਰੀ ਸੰਤੋਖ ਸਿੰਘ,
ਪਿੰਡ ਦਿਆਲਪੁਰਾ,
ਤਹਿਸੀਲ ਸਮਰਾਲਾ,
ਜ਼ਿਲ੍ਹਾ ਲੁਧਿਆਣਾ। ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਪ੍ਰਿੰਸੀਪਲ, ਮਾਲਵਾ ਕਾਲਿਜ, ਬੋਂਦਲੀ,
ਜ਼ਿਲ੍ਹਾ ਲੁਧਿਆਣਾ।

ਪਹਿਲੀ ਅਪੀਲੀ ਅਥਾਰਟੀ,
ਦਫਤਰ ਡਾਇਰੈਕਟਰ, ਸਿੱਖਿਆ (ਕਾਲਿਜਾਂ) ਪੰਜਾਬ,
ਸਿੱਖਿਆ ਭਵਨ, ਮੁਹਾਲੀ। -------ਉੱਤਰਦਾਤਾ

**ਅਪੀਲ ਕੇਸ ਨੰ:714 ਆਫ਼ 2019**

**ਹਾਜ਼ਰ:-**

1) ਸ਼੍ਰੀ ਜੁਆਲਾ ਸਿੰਘ, ਅਪੀਲਕਰਤਾ।
1) 2) ਉੱਤਰਦਾਤਾ, ਸ਼੍ਰੀਮਤੀ ਪਰਮਜੀਤ ਕੌਰ, ਪਿੰਸੀਪਲ-ਕਮ-ਲੋਕ ਸੂਚਨਾ ਅਧਿਕਾਰੀ ਸਮੇਤ ਸ਼੍ਰੀ ਕਰਮਬੀਰ ਸਿੰਘ ਚਾਵਲਾ, ਐਡਵੋਕੇਟ (94170-07700)।

**ਹਕਮ:**

ਅੱਜ ਪੇਸ਼ੀ ਸਮੇਂ ਦੋਵੇਂ ਧਿਰਾਂ ਨੂੰ ਸੁਣਿਆ ਗਿਆ। ਅਪੀਲਕਰਤਾ ਨੇ ਕਿਹਾ ਹੈ ਕਿ ਉਸ ਨੂੰ ਅਜੇ ਤੱਕ ਮੰਗੀ ਗਈ ਸੂਚਨਾ ਪ੍ਰਾਪਤ ਨਹੀਂ ਹੋਈ। ਇਸ ਲਈ ਉਸ ਨੇ ਬੇਨਤੀ ਕੀਤੀ ਹੈ ਕਿ ਉਸ ਨੂੰ ਸੂਚਨਾ ਮੁਹੱਈਆ ਕਰਵਾਈ ਜਾਵੇ। ਉੱਤਰਦਾਤਾ, ਸ਼੍ਰੀਮਤੀ ਪਰਮਜੀਤ ਕੌਰ, ਪਿੰਸੀਪਲ-ਕਮ-ਲੋਕ ਸੂਚਨਾ ਅਧਿਕਾਰੀ ਵੱਲੋਂ ਆਪਣੇ ਨੁਮਾਇੰਦੇ, ਸ਼੍ਰੀ ਕਰਮਬੀਰ ਸਿੰਘ ਚਾਵਲਾ, ਐਡਵੋਕੇਟ ਰਾਹੀਂ ਆਪਣਾ ਲਿਖਤੀ ਜਵਾਬ, ਮਿਤੀ 24-06-2019 ਪੇਸ਼ ਕੀਤਾ ਹੈ ਜ਼ੋ ਕਿ ਮਿਸਲ ਤੇ ਰੱਖ ਲਿਆ ਗਿਆ ਹੈ ਅਤੇ ਉਸ ਦੀ ਇੱਕ ਕਾਪੀ ਅਪੀਲਕਰਤਾ ਨੂੰ ਵੀ ਦਸਤੀ ਦੇ ਦਿੱਤੀ ਗਈ ਹੈ। ਇਸ ਲਈ ਅਪੀਲਕਰਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜੇਕਰ ਉਸ ਨੂੰ ਪ੍ਰਾਪਤ ਹੋਏ ਜਵਾਬ ਵਿੱਚ ਕੋਈ ਤਰੁੱਟੀਆਂ ਪਾਈਆਂ ਜਾਣ ਤਾਂ ਉਨ੍ਹਾਂ ਬਾਰੇ ਲਿਖਤੀ ਰੂਪ ਵਿੱਚ ਲੋਕ ਸੂਚਨਾ ਅਧਿਕਾਰੀ ਨੂੰ ਸਿੱਧੇ ਤੌਰ ਤੇ ਸੂਚਿਤ ਕੀਤਾ ਜਾਵੇ ਤਾਂ ਜ਼ੋ ਉਨ੍ਹਾਂ ਦੀ ਪੂਰਤੀ ਕੀਤੀ ਜਾ ਸਕੇ। ਇਸ ਹਦਾਇਤ ਦੇ ਨਾਲ ਇਹ ਕੇਸ **ਅਗਲੀ ਸੁਣਵਾਈ ਮਿਤੀ 15-07-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 24 ਜੂਨ, 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਜਗਜੀਤ ਸਿੰਘ,
ਪੁੱਤਰ ਸ਼੍ਰੀ ਹਕਮ ਸਿੰਘ,
ਮਕਾਨ ਨੰ:459-ਏ, ਸੈਕਟਰ-61,
ਚੰਡੀਗੜ੍ਹ। -----ਸ਼ਿਕਾਇਤਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ ,
ਦਫਤਰ ਡਾਇਰੈਕਟਰ,ਤਕਨੀਕੀ ਸਿੱਖਿਆ ਤੇ
ਉਦਯੋਗਿਕ ਸਿਖਲਾਈ (ਆਈ.ਟੀ. ਵਿੰਗ),
ਪੰਜਾਬ, ਚੰਡੀਗੜ੍ਹ। ------ਉੱਤਰਦਾਤਾ

**ਸ਼ਿਕਾਇਤ ਕੇਸ ਨੰ:240/2019**

**ਹਾਜ਼ਰ:-**
1) ਸ਼੍ਰੀ ਜਗਜੀਤ ਸਿੰਘ, ਸ਼ਿਕਾਇਤਕਰਤਾ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਹਰਪਾਲ ਸਿੰਘ, ਉਪ ਡਾਇਰੈਕਟਰ, ਉਦਯੋਗਿਕ ਸਿਖਲਾਈ-ਕਮ-ਲੋਕ ਸੂਚਨਾ ਅਧਿਕਾਰੀ (94170-56651), ਸ਼੍ਰੀ ਭਜਨ ਸਿੰਘ ਸੁਪਰਡੰਟ-ਕਮ-ਸਹਾਇਕ ਲੋਕ ਸੂਚਨਾ ਅਧਿਕਾਰੀ, ਸ਼੍ਰੀ ਰਸ਼ਪਾਲ ਸਿੰਘ, ਸੀਨੀਅਰ ਸਹਾਇਕ (78883-37162) ।

**ਹਕਮ:**

ਅੱਜ ਪੇਸ਼ੀ ਸਮੇ ਦੋਵੇਂ ਧਿਰਾਂ ਨੂੰ ਸੁਣਿਆ ਗਿਆ। ਉੱਤਰਦਾਤਾ, ਵੱਲੋਂ ਹਾਜ਼ਰ ਸ਼੍ਰੀ ਹਰਪਾਲ ਸਿੰਘ, ਉਪ ਡਾਇਰੈਕਟਰ, ਉਦਯੋਗਿਕ ਸਿਖਲਾਈ-ਕਮ-ਲੋਕ ਸੂਚਨਾ ਅਧਿਕਾਰੀ ਨੇ ਪੱਤਰ ਨੰ:ਆਈ.ਟੀ./ਰਾ.ਟੂ ਇੰਨ.ਐਕਟ/2005/16/ ਜਗਜੀਤ ਸਿੰਘ/1063, ਮਿਤੀ 20-06-2019 ਜ਼ੋ ਕਿ ਸ਼ਿਕਾਇਤਕਰਤਾ ਨੂੰ ਸੰਬੋਧਿਤ ਹੈ, ਦੀ ਕਾਪੀ ਪੇਸ਼ ਕਰਦੇ ਹੋਏ ਕਿਹਾ ਕਿ ਉਨ੍ਹਾਂ ਵੱਲੋਂ ਸ਼ਿਕਾਇਤਕਰਤਾ ਵੱਲੋਂ ਮੰਗੀ ਗਈ ਸੂਚਨਾ ਰਜਿਸਟਰਡ ਡਾਕ ਰਾਹੀਂ ਭੇਜੀ ਜਾ ਚੁੱਕੀ ਹੈ।ਹਾਜ਼ਰ ਉੱਤਰਦਾਤਾ ਵੱਲੋਂ ਪੇਸ਼ ਕੀਤੀ ਗਈ ਪੱਤਰ ਦੀ ਕਾਪੀ ਮਿਸਲ ਤੇ ਰੱਖ ਲਈ ਗਈ ਹੈ।ਉੱਤਰਦਾਤਾ ਵੱਲੋਂ ਇਸ ਬਾਰੇ ਆਪਣੇ ਪੱਤਰ ਨੰ:ਆਈ.ਟੀ./ਰਾ.ਟੂ ਇੰਨ.ਐਕਟ/2005/16/ਜਗਜੀਤ ਸਿੰਘ/1064, ਮਿਤੀ 20-06-2019 ਰਾਹੀਂ ਵੀ ਕਮਿਸ਼ਨ ਨੂੰ ਸੂਚਿਤ ਕੀਤਾ ਹੋਇਆ ਹੈ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼ਿਕਾਇਤਕਰਤਾ ਨੂੰ ਜਵਾਬ ਦਿੱਤਾ ਗਿਆ ਹੈ ਕਿ ਆਰ.ਟੀ.ਆਈ. ਐਕਟ,2005 ਅਨੁਸਾਰ ਸ਼ਿਕਾਇਤਕਰਤਾ ਨੂੰ ਸੂਚਨਾ ਮੁਹੱਈਆ ਨਹੀਂ ਕਰਵਾਈ ਜਾ ਸਕਦੀ। ਸ਼ਿਕਾਇਤਕਰਤਾ ਨੇ ਕਿਹਾ ਹੈ ਕਿ ਉੱਤਰਦਾਤਾ ਵੱਲੋਂ ਆਪਣੇ ਜਵਾਬ ਰਾਹੀਂ ਉਸ ਨੂੰ ਸੂਚਨਾ ਦੇਣ ਤੋਂ ਇੰਨਕਾਰ ਕੀਤਾ ਗਿਆ ਹੈ ਜਿਸ ਕਰਕੇ ਉੱਤਰਦਾਤਾ ਵੱਲੋ ਦਿੱਤਾ ਗਿਆ ਜਵਾਬ ਸਹੀ ਨਹੀਂ ਹੈ।

2. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਮਾਮਲੇ ਤੇ ਦੁਬਾਰਾ ਵਿਚਾਰ ਕਰਕੇ ਸ਼ਿਕਾਇਤਕਰਤਾ ਵੱਲੋਂ ਮੰਗੀ ਗਈ ਸੂਚਨਾ ਬਾਰੇ ਅਗਲੀ ਪੇਸ਼ੀ ਤੇ ਤੋਂ ਪਹਿਲਾਂ-ਪਹਿਲਾਂ ਵਿਸਥਾਰ-ਪੂਰਵਕ ਜਵਾਬ ਸ਼ਿਕਾਇਤਕਰਤਾ ਨੂੰ ਭੇਜ਼ ਕੇ ਕਮਿਸ਼ਨ ਨੂੰ ਵੀ ਸੂਚਿਤ ਕੀਤਾ ਜਾਵੇ। ਇਸ ਹਦਾਇਤ ਦੇ ਨਾਲ ਇਹ ਕੇਸ **ਅਗਲੀ ਸੁਣਵਾਈ ਮਿਤੀ 15-07-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 24 ਜੂਨ, 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਜਗਜੀਤ ਸਿੰਘ,
ਪੁੱਤਰ ਸ਼੍ਰੀ ਹਕਮ ਸਿੰਘ,
ਮਕਾਨ ਨੰ:459-ਏ, ਸੈਕਟਰ-61,
ਚੰਡੀਗੜ੍ਹ। -------ਸ਼ਿਕਾਇਤਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ ,
ਦਫਤਰ ਡਾਇਰੈਕਟਰ,ਤਕਨੀਕੀ ਸਿੱਖਿਆ ਤੇ
ਉਦਯੋਗਿਕ ਸਿਖਲਾਈ (ਆਈ.ਟੀ. ਵਿੰਗ),
ਪੰਜਾਬ, ਚੰਡੀਗੜ੍ਹ। ------ਉੱਤਰਦਾਤਾ

**ਸ਼ਿਕਾਇਤ ਕੇਸ ਨੰ:241/2019**

**ਹਾਜ਼ਰ:-**
1) ਸ਼੍ਰੀ ਜਗਜੀਤ ਸਿੰਘ, ਸ਼ਿਕਾਇਤਕਰਤਾ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਹਰਪਾਲ ਸਿੰਘ, ਉਪ ਡਾਇਰੈਕਟਰ, ਉਦਯੋਗਿਕ ਸਿਖਲਾਈ-ਕਮ-ਲੋਕ ਸੂਚਨਾ ਅਧਿਕਾਰੀ (94170-56651), ਸ਼੍ਰੀ ਭਜਨ ਸਿੰਘ ਸੁਪਰਡੰਟ-ਕਮ-ਸਹਾਇਕ ਲੋਕ ਸੂਚਨਾ ਅਧਿਕਾਰੀ, ਸ਼੍ਰੀ ਰਸ਼ਪਾਲ ਸਿੰਘ, ਸੀਨੀਅਰ ਸਹਾਇਕ (78883-37162) ।

**ਹਕਮ:**

ਅੱਜ ਪੇਸ਼ੀ ਸਮੇ ਦੋਵੇਂ ਧਿਰਾਂ ਨੂੰ ਸੁਣਿਆ ਗਿਆ। ਉੱਤਰਦਾਤਾ, ਵੱਲੋਂ ਹਾਜ਼ਰ ਸ਼੍ਰੀ ਹਰਪਾਲ ਸਿੰਘ, ਉਪ ਡਾਇਰੈਕਟਰ, ਉਦਯੋਗਿਕ ਸਿਖਲਾਈ-ਕਮ-ਲੋਕ ਸੂਚਨਾ ਅਧਿਕਾਰੀ ਨੇ ਪੱਤਰ ਨੰ:ਆਈ.ਟੀ./ਰਾ.ਟੂ ਇੰਨ.ਐਕਟ/2005/16/ ਜਗਜੀਤ ਸਿੰਘ/1065, ਮਿਤੀ 20-06-2019 ਜ਼ੋ ਕਿ ਸ਼ਿਕਾਇਤਕਰਤਾ ਨੂੰ ਸੰਬੋਧਿਤ ਹੈ, ਦੀ ਕਾਪੀ ਪੇਸ਼ ਕਰਦੇ ਹੋਏ ਕਿਹਾ ਕਿ ਉਨ੍ਹਾਂ ਵੱਲੋਂ ਸ਼ਿਕਾਇਤਕਰਤਾ ਵੱਲੋਂ ਮੰਗੀ ਗਈ ਸੂਚਨਾ ਰਜਿਸਟਰਡ ਡਾਕ ਰਾਹੀਂ ਭੇਜੀ ਜਾ ਚੁੱਕੀ ਹੈ।ਹਾਜ਼ਰ ਉੱਤਰਦਾਤਾ ਵੱਲੋਂ ਪੇਸ਼ ਕੀਤੀ ਗਈ ਪੱਤਰ ਦੀ ਕਾਪੀ ਮਿਸਲ ਤੇ ਰੱਖ ਲਈ ਗਈ ਹੈ।ਉੱਤਰਦਾਤਾ ਵੱਲੋਂ ਇਸ ਬਾਰੇ ਆਪਣੇ ਪੱਤਰ ਨੰ:ਆਈ.ਟੀ./ਰਾ.ਟੂ ਇੰਨ.ਐਕਟ/2005/16/ਜਗਜੀਤ ਸਿੰਘ/1066, ਮਿਤੀ 20-06-2019 ਰਾਹੀਂ ਵੀ ਕਮਿਸ਼ਨ ਨੂੰ ਸੂਚਿਤ ਕੀਤਾ ਹੋਇਆ ਹੈ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼ਿਕਾਇਤਕਰਤਾ ਨੂੰ ਜਵਾਬ ਦਿੱਤਾ ਗਿਆ ਹੈ ਕਿ ਆਰ.ਟੀ.ਆਈ. ਐਕਟ,2005 ਅਨੁਸਾਰ ਸ਼ਿਕਾਇਤਕਰਤਾ ਨੂੰ ਸੂਚਨਾ ਮੁਹੱਈਆ ਨਹੀਂ ਕਰਵਾਈ ਜਾ ਸਕਦੀ। ਸ਼ਿਕਾਇਤਕਰਤਾ ਨੇ ਕਿਹਾ ਹੈ ਕਿ ਉੱਤਰਦਾਤਾ ਵੱਲੋਂ ਆਪਣੇ ਜਵਾਬ ਰਾਹੀਂ ਉਸ ਨੂੰ ਸੂਚਨਾ ਦੇਣ ਤੋਂ ਇੰਨਕਾਰ ਕੀਤਾ ਗਿਆ ਹੈ ਜਿਸ ਕਰਕੇ ਉੱਤਰਦਾਤਾ ਵੱਲੋ ਦਿੱਤਾ ਗਿਆ ਜਵਾਬ ਸਹੀ ਨਹੀਂ ਹੈ।

2. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਮਾਮਲੇ ਤੇ ਦੁਬਾਰਾ ਵਿਚਾਰ ਕਰਕੇ ਸ਼ਿਕਾਇਤਕਰਤਾ ਵੱਲੋਂ ਮੰਗੀ ਗਈ ਸੂਚਨਾ ਬਾਰੇ ਅਗਲੀ ਪੇਸ਼ੀ ਤੋਂ ਪਹਿਲਾਂ-ਪਹਿਲਾਂ ਵਿਸਥਾਰ-ਪੂਰਵਕ ਜਵਾਬ ਸ਼ਿਕਾਇਤਕਰਤਾ ਨੂੰ ਭੇਜ਼ ਕੇ ਕਮਿਸ਼ਨ ਨੂੰ ਵੀ ਸੂਚਿਤ ਕੀਤਾ ਜਾਵੇ। ਇਸ ਹਦਾਇਤ ਦੇ ਨਾਲ ਇਹ ਕੇਸ **ਅਗਲੀ ਸੁਣਵਾਈ ਮਿਤੀ 15-07-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 24 ਜੂਨ, 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਮਿਸ. ਚਸ਼ਮਿੰਦਰ ਕੌਰ, (ਮੋਬ: 96466-00131)
ਪੁੱਤਰੀ ਸ਼੍ਰੀ ਗੁਰਵਿੰਦਰ ਸਿੰਘ,
ਮਕਾਨ ਨੰ:825 ਆਨੰਦ ਨਗਰ-ਏ,
ਪਟਿਆਲਾ। -------ਸ਼ਿਕਾਇਤਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਸਰਕਾਰੀ ਮਹਿੰਦਰਾ ਕਾਲਿਜ,
ਪਟਿਆਲਾ। -----ਉੱਤਰਦਾਤਾ

**ਸ਼ਿਕਾਇਤ ਕੇਸ ਨੰ:211/2019**

**ਹਾਜ਼ਰ:-**

1) ਸ਼ਿਕਾਇਤਕਰਤਾ ਵੱਲੋਂ ਕੋਈ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਜਗਮੋਹਣ ਸਿੰਘ, ਐਡਵੋਕੇਟ (94170-18144)।

**ਹੁਕਮ:**

ਸ਼ਿਕਾਇਤਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 19-01-2018, ਲੋਕ ਸੂਚਨਾ ਅਧਿਕਾਰੀ ਦਫਤਰ ਸਰਕਾਰੀ ਮਹਿੰਦਰਾ ਕਾਲਿਜ, ਪਟਿਆਲਾ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਪ੍ਰੀਖਿਆ ਕੇਂਦਰ 705 ਦਸੰਬਰ/2017 ਅਤੇ ਮਈ/2018 ਆਦਿ ਨਾਲ ਸਬੰਧਤ 05 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 25-02-2019 ਨੂੰ ਕਮਿਸ਼ਨ ਕੋਲ ਸ਼ਿਕਾਇਤ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 15-03-2919 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 16-04-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਪਿਛਲੀ ਪੇਸ਼ੀ, ਮਿਤੀ 13-05-2019 ਤੇ ਦੋਵੇਂ ਧਿਰਾਂ ਵੱਲੋਂ ਕੋਈ ਵੀ ਹਾਜ਼ਰ ਨਹੀਂ ਹੋਇਆ ਸੀ ਅਤੇ ਨਾ ਹੀ ਉਨ੍ਹਾਂ ਵੱਲੋਂ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਹੀ ਭੇਜੀ ਗਈ ਸੀ। ਇਸ ਲਈ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਹਦਾਇਤ ਕੀਤੀ ਗਈ ਸੀ ਕਿ ਸ਼ਿਕਾਇਤਕਰਤਾ ਦੇ ਬਿਨੈ-ਪੱਤਰ ਅਨੁਸਾਰ ਸੂਚਨਾ ਦਾ ਅਧਿਕਾਰ ਐਕਟ, 2005 ਦੇ ਉਪਬੰਧਾਂ ਤਹਿਤ ਬਣਦੀ ਸੂਚਨਾ ਪੇਸ਼ੀ ਦੀ ਅਗਲੀ ਮਿਤੀ ਤੋਂ ਪਹਿਲਾਂ-ਪਹਿਲਾਂ ਮੁਹੱਈਆ ਕਰਵਾਈ ਜਾਵੇ ਅਤੇ ਅਗਲੀ ਪੇਸ਼ੀ ਤੇ ਨਿੱਜੀ ਤੌਰ ਤੇ ਹਾਜ਼ਰ ਕੇ ਪੇਸ਼ੀ ਤੇ ਹਾਜ਼ਰ ਨਾ ਹੋਣ ਬਾਰੇ ਸਪੱਸ਼ਟੀਕਰਣ ਪੇਸ਼ ਕਰਨਾ ਵੀ ਯਕੀਨੀ ਬਣਾਇਆ ਜਾਵੇ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਉਨ੍ਹਾਂ ਵਿਰੁੱਧ ਸੂਚਨਾ ਦਾ ਅਧਿਕਾਰ ਐਕਟ, 2005 ਦੇ ਉਪਬੰਧਾਂ ਤਹਿਤ ਬਣਦੀ ਇਕਤਰਫਾ ਕਾਰਵਾਈ ਆਰੰਭ ਕਰ ਦਿੱਤੀ ਜਾਵੇਗੀ। ਸ਼ਿਕਾਇਤਕਰਤਾ ਨੂੰ ਵੀ ਆਪਣਾ ਪੱਖ ਪੇਸ਼ ਕਰਨ ਦਾ ਮੌਕਾ ਦਿੱਤਾ ਗਿਆ ਸੀ।ਇਸ ਲਈ ਇਹ ਕੇਸ ਅਗਲੀ ਸੁਣਵਾਈ ਮਿਤੀ 24-06-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

3. ਅੱਜ ਪੇਸ਼ੀ ਤੇ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਜਗਮੋਹਣ ਸਿੰਘ, ਐਡਵੋਕੇਟ ਨੇ ਪੱਤਰ ਨੰ:3577-ਏ, ਮਿਤੀ 22-02-2019 ਜ਼ੋ ਕਿ ਸ਼ਿਕਾਇਤਕਰਤਾ ਨੂੰ ਸੰਬੋਧਿਤ ਹੈ, ਦੀ ਕਾਪੀ ਪੇਸ਼ ਕਰਦੇ ਹੋਏ ਕਿਹਾ ਕਿ ਉਨ੍ਹਾਂ ਵੱਲੋਂ ਸ਼ਿਕਾਇਤਕਰਤਾ ਵੱਲੋਂ ਮੰਗੀ ਗਈ ਸੂਚਨਾ ਰਜਿਸਟਰਡ ਡਾਕ ਨੰ:8280801754888 ਦਆਰਾ ਮਿਤੀ 25-02-2019 ਨੂੰ ਭੇਜੀ ਜਾ ਚੁੱਕੀ ਹੈ। ਹਾਜ਼ਰ ਉੱਤਰਦਾਤਾ ਵੱਲੋਂ ਪੇਸ਼ ਕੀਤੀ ਗਈ ਪੱਤਰ ਦੀ ਕਾਪੀ ਮਿਸਲ ਤੇ ਰੱਖ ਲਈ ਗਈ ਹੈ।ਉੱਤਰਦਾਤਾ ਵੱਲੋਂ ਇਸ ਬਾਰੇ ਆਪਣੇ ਰਜਿਸਟਰਡ ਪੱਤਰ ਨੰ:4391, ਮਿਤੀ 27-05-2019 ਰਾਹੀਂ ਵੀ ਕਮਿਸ਼ਨ ਨੂੰ ਸੂਚਿਤ ਕੀਤਾ ਹੋਇਆ ਹੈ। ਸ਼ਿਕਾਇਤਕਰਤਾ ਲਗਾਤਾਰ ਦੋ ਪੇਸ਼ੀਆਂ ਤੇ ਹਾਜ਼ਰ ਨਹੀਂ ਹੋਈ ਅਤੇ ਨਾ ਹੀ ਉਸ ਵੱਲੋਂ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਹੀ ਭੇਜੀ ਗਈ ਹੈ ਜਿਸ ਤੋਂ ਜ਼ਾਹਿਰ ਹੁੰਦਾ ਹੈ ਕਿ ਸ਼ਿਕਾਇਤਕਰਤਾ ਉਸ ਨੂੰ ਪ੍ਰਾਪਤ ਹੋਈ ਸੂਚਨਾ ਤੋਂ ਸੰਤੁਸ਼ਟ ਹੈ ਅਤੇ ਉਹ ਇਸ ਕੇਸ ਦੀ ਹੋਰ ਪੈਰਵਾਈ ਵਿੱਚ ਕੋਈ ਦਿਲਚਸਪੀ ਨਹੀਂ ਰੱਖਦੀ। ਇਸ ਕਰਕੇ ਇਸ ਕੇਸ ਵਿੱਚ ਕਿਸੇ ਹੋਰ ਕਾਰਵਾਈ ਦੀ ਲੋੜ ਨਹੀਂ ਹੈ। ਇਸ ਲਈ ਸ਼ਿਕਾਇਤਕਰਤਾ ਵੱਲੋਂ ਕਮਿਸ਼ਨ ਵਿਖੇ ਦਾਇਰ ਕੀਤਾ ਗਿਆ **ਸ਼ਿਕਾਇਤ ਕੇਸ ਦਾਖਲ ਦਫ਼ਤਰ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 24 ਜੂਨ, 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਮਨਪ੍ਰੀਤ ਸਿੰਘ ਔਲਖ, (98551-00351)
ਪੁੱਤਰ ਸ਼੍ਰੀ ਦੇਵਿੰਦਰ ਸਿੰਘ,
ਨੇੜੇ ਵਾਟਰ ਵਰਕਸ,
ਪਿੰਡ ਕੈਲਪੁਰ, ਡਾਕਖਾਨਾ ਦਾਖਾ, ਜ਼ਿਲ੍ਹਾ ਲੁਧਿਆਣਾ। ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤ਼ਰ ਕਾਰਜ ਸਾਧਕ ਅਫਸਰ,
ਨਗਰ ਕੌਂਸਿਲ, ਮੁੱਲਾਂਪੁਰ ਦਾਖਾ,
ਜ਼ਿਲ੍ਹਾ ਲੁਧਿਆਣਾ।

ਪਹਿਲੀ ਅਪੀਲੀ ਅਥਾਰਟੀ,
ਦਫਤ਼ਰ ਡਿਪਟੀ ਡਾਇਰੈਕਟਰ,
ਸਥਾਨਕ ਸਰਕਾਰ,ਮਿੰਨੀ ਸਕੱਤਰੇਤ, ਲੁਧਿਆਣਾ। ------ਉੱਤਰਦਾਤਾ

**ਅਪੀਲ ਕੇਸ ਨੰ: 2929 ਆਫ 2018**

**ਹਾਜ਼ਰ:-** 1) ਅਪੀਲਕਰਤਾ ਵੱਲੋਂ ਕੋਈ ਵੀ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਅਮਿਤ ਜ਼ੋਸ਼ੀ, ਲੇਖਾਕਾਰ (94631-28101)।

**ਹਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇੱਕ ਬਿਨੈ ਪੱਤਰ ਮਿਤੀ 26-01-2018 ਨੂੰ ਲੋਕ ਸੂਚਨਾ ਅਧਿਕਾਰੀ, ਦਫਤਰ ਕਾਰਜ ਸਾਧਕ ਅਫਸਰ,ਨਗਰ ਕੌਂਸਿਲ, ਮੁੱਲਾਂਪੁਰ ਦਾਖਾ, ਜ਼ਿਲ੍ਹਾ ਲੁਧਿਆਣਾ ਨੂੰ ਪੇਸ਼ ਕੀਤਾ ਗਿਆ ਸੀ ਜਿਸ ਰਾਹੀਂ ਉਸ ਵੱਲੋਂ ਮਿਤੀ 01 ਜਨਵਰੀ, 2011 ਤੋਂ ਮਿਤੀ-ਅੰਤ ਤੱਕ ਨਗਰ ਕੌਂਸਿਲ ਦਾਖਾ ਵੱਲੋਂ ਡੇਂਗੂ, ਮਲੇਰੀਆ ਅਤੇ ਪਾਣੀ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਦੀ ਰੋਕਥਾਮ ਲਈ ਕੀਤੇ ਗਏ ਉਪਰਾਲਿਆਂ ਨਾਲ ਸਬੰਧਤ 06 ਨੁਕਤਿਆਂ ਬਾਰੇ ਸੂਚਨਾ ਮੰਗੀ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 24-03-2018 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਪਹਿਲੀ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਮਿਤੀ 31-08-2018 ਨੂੰ ਅਪੀਲਕਰਤਾ ਨੇ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਜਿਸ ਨੂੰ ਪੜਚੋਲਣ ਉਪਰੰਤ ਕਮਿਸ਼ਨ ਵੱਲੋਂ ਮਿਤੀ 05-10-2018 ਨੂੰ ਅੱਜ ਪਹਿਲੀ ਸੁਣਵਾਈ, ਮਿਤੀ 02-11-2018 ਨੂੰ ਸਵੇਰੇ 11-30 ਵਜੇ ਲਈ ਨੋਟਿਸ ਜਾਰੀ ਕੀਤਾ ਗਿਆ ਸੀ।

2. ਅਪੀਲਕਰਤਾ ਅੱਜ ਹਾਜ਼ਰ ਨਹੀਂ ਹੋਇਆ ਪਰੰਤੂ ਉਸ ਵੱਲੋਂ ਆਪਣੇ ਨੁਮਾਇੰਦੇ, ਸ਼੍ਰੀ ਰਾਕੇਸ਼ ਕੁਮਾਰ ਗੁਪਤਾ, ਐਡਵੋਕੇਟ (ਮੋਬਾਇਲ ਨੰ:98149-24851) ਰਾਹੀਂ ਭੇਜੀ ਗਈ ਈ.ਮੇਲ, ਮਿਤੀ 24-06-2019 ਦੁਆਰਾ ਅੱਜ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਸੂਚਿਤ ਕਰਦੇ ਹੋਏ ਦੱਸਿਆ ਗਿਆ ਹੈ ਕਿ ਉਸ ਨੂੰ ਕੁੱਝ ਕੇਸਾਂ ਵਿੱਚ ਅਜੇ ਤੱਕ ਮੰਗੀ ਗਈ ਸੂਚਨਾ ਪ੍ਰਾਪਤ ਨਹੀਂ ਹੋਈ ਪਰੰਤੂ ਕੁੱਝ ਕੇਸਾਂ ਵਿੱਚ ਸੂਚਨਾ ਪ੍ਰਾਪਤ ਹੋ ਚੁੱਕੀ ਹੈ ਅਤੇ ਉਨ੍ਹਾਂ ਕੇਸਾਂ ਵਿੱਚ ਉਸ ਵੱਲੋਂ ਉੱਤਰਦਾਤਾ ਨੂੰ ਸੂਚਨਾ ਪ੍ਰਾਪਤੀ ਦੀ ਰਸੀਦ ਵੀ ਦੇ ਦਿੱਤੀ ਗਈ ਹੈ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਅਮਿਤ ਜ਼ੋਸ਼ੀ, ਲੇਖਾਕਾਰ ਨੇ ਪੱਤਰ ਨੰ:480-481, ਮਿਤੀ 27-05-2019 ਜ਼ੋ ਕਿ ਅਪੀਲਕਰਤਾ ਨੂੰ ਸੰਬੋਧਿਤ ਹੈ, ਦੀ ਕਾਪੀ ਪੇਸ਼ ਕਰਦੇ ਹੋਏ ਕਿਹਾ ਹੈ ਕਿ ਅਪੀਲਕਰਤਾ ਨੂੰ ਸੂਚਨਾ ਦਿੱਤੀ ਜਾ ਚੁੱਕੀ ਹੈ। ਹਾਜ਼ਰ ਉੱਤਰਦਾਤਾ ਵੱਲੋਂ ਪੇਸ਼ ਕੀਤਾ ਗਿਆ ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ। ਇਸ ਪੱਤਰ ਅਨੁਸਾਰ ਅਪੀਲਕਰਤਾ ਦੇ ਨੁਮਾਇੰਦੇ, ਸ਼੍ਰੀ ਆਰ.ਕੇ.ਗੁਪਤਾ, ਐਡਵੋਕੇਟ ਵੱਲੋਂ ਆਪਣੇ ਹਸਤਾਖਰਾਂ ਹੇਠ ਮਿਤੀ 28-05-2019 ਨੂੰ, ਬਿਨ੍ਹਾਂ ਕਿਸੇ ਕਥਨ ਦੇ, ਸੂਚਨਾ ਪ੍ਰਾਪਤ ਕੀਤੀ ਹੋਈ ਹੈ।ਇਸ ਕਰਕੇ ਇਸ ਕੇਸ ਵਿੱਚ ਕਿਸੇ ਹੋਰ ਕਾਰਵਾਈ ਦੀ ਲੋੜ ਨਹੀਂ ਹੈ। ਇਸ ਲਈ ਅਪੀਲਕਰਤਾ ਵੱਲੋਂ ਕਮਿਸ਼ਨ ਵਿਖੇ ਦਾਇਰ ਕੀਤਾ ਗਿਆ **ਅਪੀਲ ਕੇਸ ਦਾਖਲ ਦਫ਼ਤਰ** ਕੀਤਾ ਜਾਂਦਾ ਹੈ।

**(ਨਿਧੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 24 ਜੂਨ, 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਮਨਪ੍ਰੀਤ ਸਿੰਘ ਔਲਖ, (98551-00351)
ਪੁੱਤਰ ਸ਼੍ਰੀ ਦੇਵਿੰਦਰ ਸਿੰਘ,
ਨੇੜੇ ਵਾਟਰ ਵਰਕਸ,
ਪਿੰਡ ਕੈਲਪੁਰ, ਡਾਕਖਾਨਾ ਦਾਖਾ,
ਜ਼ਿਲ੍ਹਾ ਲੁਧਿਆਣਾ। ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤ੍ਰ ਕਾਰਜ ਸਾਧਕ ਅਫਸਰ,
ਨਗਰ ਕੌਂਸਿਲ, ਮੁੱਲਾਂਪੁਰ ਦਾਖਾ,ਜ਼ਿਲ੍ਹਾ ਲੁਧਿਆਣਾ।

ਪਹਿਲੀ ਅਪੀਲੀ ਅਥਾਰਟੀ,
ਦਫਤ੍ਰ ਡਿਪਟੀ ਡਾਇਰੈਕਟਰ,
ਸਥਾਨਕ ਸਰਕਾਰ, ਮਿੰਨੀ ਸਕੱਤਰੇਤ, ਲੁਧਿਆਣਾ। ------ਉੱਤਰਦਾਤਾ

**ਅਪੀਲ ਕੇਸ ਨੰ: 2930 ਆਫ 2018**

**ਹਾਜ਼ਰ:-** 1) ਅਪੀਲਕਰਤਾ ਵੱਲੋਂ ਕੋਈ ਵੀ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਅਮਿਤ ਜ਼ੋਸ਼ੀ, ਲੇਖਾਕਾਰ (94631-28101)।

**ਹਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇੱਕ ਬਿਨੈ ਪੱਤਰ ਮਿਤੀ 25-01-2018 ਨੂੰ ਲੋਕ ਸੂਚਨਾ ਅਧਿਕਾਰੀ, ਦਫਤਰ ਕਾਰਜ ਸਾਧਕ ਅਫਸਰ,ਨਗਰ ਕੌਂਸਿਲ, ਮੁੱਲਾਂਪੁਰ ਦਾਖਾ, ਜ਼ਿਲ੍ਹਾ ਲੁਧਿਆਣਾ ਨੂੰ ਪੇਸ਼ ਕੀਤਾ ਗਿਆ ਸੀ ਜਿਸ ਰਾਹੀਂ ਉਸ ਵੱਲੋਂ ਮਿਤੀ 01 ਜਨਵਰੀ, 2011 ਤੋਂ ਮਿਤੀ-ਅੰਤ ਤੱਕ ਠੇਕੇ ਤੇ ਰੱਖੇ ਗਏ ਕਰਮਚਾਰੀਆਂ ਅਤੇ ਆਰਜ਼ੀ ਕਾਮਿਆਂ ਨਾਲ ਸਬੰਧਤ 06 ਨੁਕਤਿਆਂ ਬਾਰੇ ਸੂਚਨਾ ਮੰਗੀ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 25-03-2018 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਪਹਿਲੀ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਮਿਤੀ 31-08-2018 ਨੂੰ ਅਪੀਲਕਰਤਾ ਨੇ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਜਿਸ ਨੂੰ ਪੜਚੋਲਣ ਉਪਰੰਤ ਕਮਿਸ਼ਨ ਵੱਲੋਂ ਮਿਤੀ 05-10-2018 ਨੂੰ ਅੱਜ ਪਹਿਲੀ ਸੁਣਵਾਈ, ਮਿਤੀ 02-11-2018 ਨੂੰ ਸਵੇਰੇ 11-30 ਵਜੇ ਲਈ ਨੋਟਿਸ ਜਾਰੀ ਕੀਤਾ ਗਿਆ ਸੀ।

2. ਅਪੀਲਕਰਤਾ ਅੱਜ ਹਾਜ਼ਰ ਨਹੀਂ ਹੋਇਆ ਪਰੰਤੂ ਉਸ ਵੱਲੋਂ ਆਪਣੇ ਨੁਮਾਇੰਦੇ, ਸ਼੍ਰੀ ਰਾਕੇਸ਼ ਕੁਮਾਰ ਗੁਪਤਾ, ਐਡਵੋਕੇਟ (ਮੋਬਾਇਲ ਨੰ:98149-24851) ਰਾਹੀਂ ਭੇਜੀ ਗਈ ਈ.ਮੇਲ, ਮਿਤੀ 24-06-2019 ਦੁਆਰਾ ਅੱਜ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਸੂਚਿਤ ਕਰਦੇ ਹੋਏ ਦੱਸਿਆ ਗਿਆ ਹੈ ਕਿ ਉਸ ਨੂੰ ਕੁੱਝ ਕੇਸਾਂ ਵਿੱਚ ਅਜੇ ਤੱਕ ਮੰਗੀ ਗਈ ਸੂਚਨਾ ਪ੍ਰਾਪਤ ਨਹੀਂ ਹੋਈ ਪਰੰਤੂ ਕੁੱਝ ਕੇਸਾਂ ਵਿੱਚ ਸੂਚਨਾ ਪ੍ਰਾਪਤ ਹੋ ਚੁੱਕੀ ਹੈ ਅਤੇ ਉਨ੍ਹਾਂ ਕੇਸਾਂ ਵਿੱਚ ਉਸ ਵੱਲੋਂ ਉੱਤਰਦਾਤਾ ਨੂੰ ਸੂਚਨਾ ਪ੍ਰਾਪਤੀ ਦੀ ਰਸੀਦ ਵੀ ਦੇ ਦਿੱਤੀ ਗਈ ਹੈ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਅਮਿਤ ਜ਼ੋਸ਼ੀ, ਲੇਖਾਕਾਰ ਨੇ ਪੱਤਰ ਨੰ:482-483, ਮਿਤੀ 27-05-2019 ਜੋ ਕਿ ਅਪੀਲਕਰਤਾ ਨੂੰ ਸੰਬੋਧਿਤ ਹੈ, ਦੀ ਕਾਪੀ ਪੇਸ਼ ਕਰਦੇ ਹੋਏ ਕਿਹਾ ਹੈ ਕਿ ਅਪੀਲਕਰਤਾ ਨੂੰ ਸੂਚਨਾ ਦਿੱਤੀ ਜਾ ਚੁੱਕੀ ਹੈ। ਹਾਜ਼ਰ ਉੱਤਰਦਾਤਾ ਵੱਲੋਂ ਪੇਸ਼ ਕੀਤਾ ਗਿਆ ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ। ਇਸ ਪੱਤਰ ਅਨੁਸਾਰ ਅਪੀਲਕਰਤਾ ਦੇ ਨੁਮਾਇੰਦੇ, ਸ਼੍ਰੀ ਆਰ.ਕੇ.ਗੁਪਤਾ, ਐਡਵੋਕੇਟ ਵੱਲੋਂ ਆਪਣੇ ਹਸਤਾਖਰਾਂ ਹੇਠ ਮਿਤੀ 28-05-2019 ਨੂੰ, ਬਿਨ੍ਹਾਂ ਕਿਸੇ ਕਥਨ ਦੇ, ਸੂਚਨਾ ਪ੍ਰਾਪਤ ਕੀਤੀ ਹੋਈ ਹੈ।ਇਸ ਕਰਕੇ ਇਸ ਕੇਸ ਵਿੱਚ ਕਿਸੇ ਹੋਰ ਕਾਰਵਾਈ ਦੀ ਲੋੜ ਨਹੀਂ ਹੈ। ਇਸ ਲਈ ਅਪੀਲਕਰਤਾ ਵੱਲੋਂ ਕਮਿਸ਼ਨ ਵਿਖੇ ਦਾਇਰ ਕੀਤਾ ਗਿਆ **ਅਪੀਲ ਕੇਸ ਦਾਖਲ ਦਫ਼ਤਰ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 24 ਜੂਨ, 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਮਨਪ੍ਰੀਤ ਸਿੰਘ ਔਲਖ, (98551-00351)
ਪੁੱਤਰ ਸ਼੍ਰੀ ਦੇਵਿੰਦਰ ਸਿੰਘ,
ਨੇੜੇ ਵਾਟਰ ਵਰਕਸ,
ਪਿੰਡ ਕੈਲਪੁਰ, ਡਾਕਖਾਨਾ ਦਾਖਾ,
ਜ਼ਿਲ੍ਹਾ ਲੁਧਿਆਣਾ। ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤ਼ਰ ਕਾਰਜ ਸਾਧਕ ਅਫਸਰ,
ਨਗਰ ਕੌਂਸਿਲ, ਮੁੱਲਾਂਪੁਰ ਦਾਖਾ,
ਜ਼ਿਲ੍ਹਾ ਲੁਧਿਆਣਾ।

ਪਹਿਲੀ ਅਪੀਲੀ ਅਥਾਰਟੀ,
ਦਫਤ਼ਰ ਡਿਪਟੀ ਡਾਇਰੈਕਟਰ,
ਸਥਾਨਕ ਸਰਕਾਰ,
ਮਿੰਨੀ ਸਕੱਤਰੇਤ, ਲੁਧਿਆਣਾ। ------ਉੱਤਰਦਾਤਾ

**ਅਪੀਲ ਕੇਸ ਨੰ: 2931 ਆਫ 2018**

**ਹਾਜ਼ਰ:-** 1) ਅਪੀਲਕਰਤਾ ਵੱਲੋਂ ਕੋਈ ਵੀ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਅਮਿਤ ਜ਼ੋਸ਼ੀ, ਲੇਖਾਕਾਰ (94631-28101)।

**ਹੁਕਮ:**

ਅਪੀਲਕਰਤਾ ਅੱਜ ਹਾਜ਼ਰ ਨਹੀਂ ਹੋਇਆ ਪਰੰਤੂ ਉਸ ਵੱਲੋਂ ਆਪਣੇ ਨੁਮਾਇੰਦੇ, ਸ਼੍ਰੀ ਰਾਕੇਸ਼ ਕੁਮਾਰ ਗੁਪਤਾ, ਐਡਵੋਕੇਟ (ਮੋਬਾਇਲ ਨੰ:98149-24851) ਰਾਹੀਂ ਭੇਜੀ ਗਈ ਈ.ਮੇਲ, ਮਿਤੀ 24-06-2019 ਦੁਆਰਾ ਅੱਜ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਸੂਚਿਤ ਕਰਦੇ ਹੋਏ ਅਤੇ ਇਹ ਵੀ ਦੱਸਿਆ ਗਿਆ ਹੈ ਕਿ ਉਸ ਨੂੰ ਇਸ ਕੇਸ ਵਿੱਚ ਅਜੇ ਤੱਕ ਮੰਗੀ ਗਈ ਸੂਚਨਾ ਪ੍ਰਾਪਤ ਨਹੀਂ ਹੋਈ। ਇਸ ਤੋਂ ਇਲਾਵਾ ਉਸ ਵੱਲੋਂ ਇਹ ਵੀ ਸੂਚਿਤ ਕੀਤਾ ਗਿਆ ਹੈ ਕਿ ਉਸ ਨੂੰ ਕੁੱਝ ਕੇਸਾਂ ਵਿੱਚ ਸੂਚਨਾ ਪ੍ਰਾਪਤ ਹੋ ਚੁੱਕੀ ਹੈ ਅਤੇ ਉਨ੍ਹਾਂ ਕੇਸਾਂ ਵਿੱਚ ਉਸ ਵੱਲੋਂ ਉੱਤਰਦਾਤਾ ਨੂੰ ਸੂਚਨਾ ਪ੍ਰਾਪਤੀ ਦੀ ਰਸੀਦ ਵੀ ਦੇ ਦਿੱਤੀ ਗਈ ਹੈ।

2. ਅੱਜ ਪੇਸ਼ੀ ਤੇ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਅਮਿਤ ਜ਼ੋਸ਼ੀ, ਲੇਖਾਕਾਰ ਨੇ ਕਿਹਾ ਹੈ ਕਿ ਇਸ ਕੇਸ ਵਿੱਚ ਉਨ੍ਹਾਂ ਕੋਲ ਉਪਲਬਧ ਸਾਰੀ ਸੂਚਨਾ ਅਪੀਲਕਰਤਾ ਨੂੰ ਦਿੱਤੀ ਜਾ ਚੁੱਕੀ ਹੈ ਅਤੇ ਉਨ੍ਹਾਂ ਕੋਲ ਹੋਰ ਸੂਚਨਾ ਉਪਲਬਧ ਨਹੀਂ।ਉਸ ਵੱਲੋਂ ਇਸ ਸਬੰਧੀ ਹਲਫੀਆ-ਬਿਆਨ ਪੇਸ਼ ਕਰਨ ਦਾ ਭਰੋਸਾ ਦਿੰਦੇ ਸਮੇਂ ਦੀ ਮੰਗ ਕੀਤੀ ਗਈ ਹੈ। ਇਸ ਲਈ ਇਹ ਕੇਸ **ਅਗਲੀ ਸੁਣਵਾਈ ਮਿਤੀ 02-07-2019 ਨੂੰ 11.30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 24 ਜੂਨ, 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਮਨਪ੍ਰੀਤ ਸਿੰਘ ਔਲਖ, (98551-00351)
ਪੁੱਤਰ ਸ਼੍ਰੀ ਦੇਵਿੰਦਰ ਸਿੰਘ,
ਨੇੜੇ ਵਾਟਰ ਵਰਕਸ,ਪਿੰਡ ਕੈਲਪੁਰ,
ਡਾਕਖਾਨਾ ਦਾਖਾ,ਜ਼ਿਲ੍ਹਾ ਲੁਧਿਆਣਾ। ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤ਼ਰ ਕਾਰਜ ਸਾਧਕ ਅਫਸਰ,
ਨਗਰ ਕੌਂਸਿਲ, ਮੁੱਲਾਂਪੁਰ ਦਾਖਾ,ਜ਼ਿਲ੍ਹਾ ਲੁਧਿਆਣਾ।

ਪਹਿਲੀ ਅਪੀਲੀ ਅਥਾਰਟੀ,
ਦਫਤ਼ਰ ਡਿਪਟੀ ਡਾਇਰੈਕਟਰ,
ਸਥਾਨਕ ਸਰਕਾਰ,ਮਿੰਨੀ ਸਕੱਤਰੇਤ, ਲੁਧਿਆਣਾ। ------ਉੱਤਰਦਾਤਾ

**ਅਪੀਲ ਕੇਸ ਨੰ: 2932 ਆਫ 2018**

**ਹਾਜ਼ਰ:-**
1) ਅਪੀਲਕਰਤਾ ਵੱਲੋਂ ਕੋਈ ਵੀ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਅਮਿਤ ਜ਼ੋਸ਼ੀ, ਲੇਖਾਕਾਰ (94631-28101)।

**ਹਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇੱਕ ਬਿਨੈ ਪੱਤਰ ਮਿਤੀ 23-01-2018 ਨੂੰ ਲੋਕ ਸੂਚਨਾ ਅਧਿਕਾਰੀ, ਦਫਤਰ ਕਾਰਜ ਸਾਧਕ ਅਫਸਰ,ਨਗਰ ਕੌਂਸਿਲ, ਮੁੱਲਾਂਪੁਰ ਦਾਖਾ, ਜ਼ਿਲ੍ਹਾ ਲੁਧਿਆਣਾ ਨੂੰ ਪੇਸ਼ ਕੀਤਾ ਗਿਆ ਸੀ ਜਿਸ ਰਾਹੀਂ ਉਸ ਵੱਲੋਂ ਮਿਤੀ 01 ਜਨਵਰੀ, 2005 ਤੋਂ ਮਿਤੀ-ਅੰਤ ਤੱਕ ਆਰਕੀਟੈਕਟਸ/ਡਰਾਫਟਸਮੈਨ/ਡਿਪਲੋਮਾ ਹੋਲਡਰਜ਼ ਲਈ ਪ੍ਰਵਾਨਗੀ ਅਤੇ ਸਾਈਟ ਪਲਾਨ ਲਈ ਯੋਗਤਾ ਨਾਲ ਸਬੰਧਤ 09 ਨੁਕਤਿਆਂ ਬਾਰੇ ਸੂਚਨਾ ਮੰਗੀ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 27-03-2018 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਪਹਿਲੀ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਮਿਤੀ 31-08-2018 ਨੂੰ ਅਪੀਲਕਰਤਾ ਨੇ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਜਿਸ ਨੂੰ ਪੜਚੋਲਣ ਉਪਰੰਤ ਕਮਿਸ਼ਨ ਵੱਲੋਂ ਮਿਤੀ 05-10-2018 ਨੂੰ ਅੱਜ ਪਹਿਲੀ ਸੁਣਵਾਈ, ਮਿਤੀ 02-11-2018 ਨੂੰ ਸਵੇਰੇ 11-30 ਵਜੇ ਲਈ ਨੋਟਿਸ ਜਾਰੀ ਕੀਤਾ ਗਿਆ ਸੀ।

2. ਅਪੀਲਕਰਤਾ ਅੱਜ ਹਾਜ਼ਰ ਨਹੀਂ ਹੋਇਆ ਪਰੰਤੂ ਉਸ ਵੱਲੋਂ ਆਪਣੇ ਨੁਮਾਇੰਦੇ, ਸ਼੍ਰੀ ਰਾਕੇਸ਼ ਕੁਮਾਰ ਗੁਪਤਾ, ਐਡਵੋਕੇਟ (ਮੋਬਾਇਲ ਨੰ:98149-24851) ਰਾਹੀਂ ਭੇਜੀ ਗਈ ਈ.ਮੇਲ, ਮਿਤੀ 24-06-2019 ਦੁਆਰਾ ਅੱਜ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਸੂਚਿਤ ਕਰਦੇ ਹੋਏ ਦੱਸਿਆ ਗਿਆ ਹੈ ਕਿ ਉਸ ਨੂੰ ਕੁੱਝ ਕੇਸਾਂ ਵਿੱਚ ਅਜੇ ਤੱਕ ਮੰਗੀ ਗਈ ਸੂਚਨਾ ਪ੍ਰਾਪਤ ਨਹੀਂ ਹੋਈ ਪਰੰਤੂ ਕੁੱਝ ਕੇਸਾਂ ਵਿੱਚ ਸੂਚਨਾ ਪ੍ਰਾਪਤ ਹੋ ਚੁੱਕੀ ਹੈ ਅਤੇ ਉਨ੍ਹਾਂ ਕੇਸਾਂ ਵਿੱਚ ਉਸ ਵੱਲੋਂ ਉੱਤਰਦਾਤਾ ਨੂੰ ਸੂਚਨਾ ਪ੍ਰਾਪਤੀ ਦੀ ਰਸੀਦ ਵੀ ਦੇ ਦਿੱਤੀ ਗਈ ਹੈ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਅਮਿਤ ਜ਼ੋਸ਼ੀ, ਲੇਖਾਕਾਰ ਨੇ ਪੱਤਰ ਨੰ:486-487, ਮਿਤੀ 27-05-2019 ਜੋ ਕਿ ਅਪੀਲਕਰਤਾ ਨੂੰ ਸੰਬੋਧਿਤ ਹੈ, ਦੀ ਕਾਪੀ ਪੇਸ਼ ਕਰਦੇ ਹੋਏ ਕਿਹਾ ਹੈ ਕਿ ਅਪੀਲਕਰਤਾ ਨੂੰ ਸੂਚਨਾ ਦਿੱਤੀ ਜਾ ਚੁੱਕੀ ਹੈ। ਹਾਜ਼ਰ ਉੱਤਰਦਾਤਾ ਵੱਲੋਂ ਪੇਸ਼ ਕੀਤਾ ਗਿਆ ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ। ਇਸ ਪੱਤਰ ਅਨੁਸਾਰ ਅਪੀਲਕਰਤਾ ਦੇ ਨੁਮਾਇੰਦੇ, ਸ਼੍ਰੀ ਆਰ.ਕੇ.ਗੁਪਤਾ, ਐਡਵੋਕੇਟ ਵੱਲੋਂ ਆਪਣੇ ਹਸਤਾਖਰਾਂ ਹੇਠ ਮਿਤੀ 28-05-2019 ਨੂੰ, ਬਿਨ੍ਹਾਂ ਕਿਸੇ ਕਥਨ ਦੇ, ਸੂਚਨਾ ਪ੍ਰਾਪਤ ਕੀਤੀ ਹੋਈ ਹੈ।ਇਸ ਕਰਕੇ ਇਸ ਕੇਸ ਵਿੱਚ ਕਿਸੇ ਹੋਰ ਕਾਰਵਾਈ ਦੀ ਲੋੜ ਨਹੀਂ ਹੈ। ਇਸ ਲਈ ਅਪੀਲਕਰਤਾ ਵੱਲੋਂ ਕਮਿਸ਼ਨ ਵਿਖੇ ਦਾਇਰ ਕੀਤਾ ਗਿਆ **ਅਪੀਲ ਕੇਸ ਦਾਖਲ ਦਫ਼ਤਰ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**

**ਮਿਤੀ: ਚੰਡੀਗੜ੍ਹ, 24 ਜੂਨ, 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਮਨਪ੍ਰੀਤ ਸਿੰਘ ਔਲਖ, (98551-00351)
ਪੁੱਤਰ ਸ਼੍ਰੀ ਦੇਵਿੰਦਰ ਸਿੰਘ,
ਨੇੜੇ ਵਾਟਰ ਵਰਕਸ, ਪਿੰਡ ਕੈਲਪੁਰ,
ਡਾਕਖਾਨਾ ਦਾਖਾ, ਜ਼ਿਲ੍ਹਾ ਲੁਧਿਆਣਾ। ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤ਼ਰ ਕਾਰਜ ਸਾਧਕ ਅਫਸਰ,
ਨਗਰ ਕੌਂਸਿਲ, ਮੁੱਲਾਂਪੁਰ ਦਾਖਾ,ਜ਼ਿਲ੍ਹਾ ਲੁਧਿਆਣਾ।

ਪਹਿਲੀ ਅਪੀਲੀ ਅਥਾਰਟੀ,
ਦਫਤ਼ਰ ਡਿਪਟੀ ਡਾਇਰੈਕਟਰ,
ਸਥਾਨਕ ਸਰਕਾਰ, ਮਿੰਨੀ ਸਕੱਤਰੇਤ, ਲੁਧਿਆਣਾ। ------ਉੱਤਰਦਾਤਾ

**ਅਪੀਲ ਕੇਸ ਨੰ: 2933 ਆਫ 2018**

**ਹਾਜ਼ਰ:-** 1) ਅਪੀਲਕਰਤਾ ਵੱਲੋਂ ਕੋਈ ਵੀ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਅਮਿਤ ਜ਼ੋਸ਼ੀ, ਲੇਖਾਕਾਰ (94631-28101)।

**ਹਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇੱਕ ਬਿਨੈ ਪੱਤਰ ਮਿਤੀ 10-10-2017 ਨੂੰ ਲੋਕ ਸੂਚਨਾ ਅਧਿਕਾਰੀ, ਦਫਤਰ ਕਾਰਜ ਸਾਧਕ ਅਫਸਰ,ਨਗਰ ਕੌਂਸਿਲ, ਮੁੱਲਾਂਪੁਰ ਦਾਖਾ, ਜ਼ਿਲ੍ਹਾ ਲੁਧਿਆਣਾ ਨੂੰ ਪੇਸ਼ ਕੀਤਾ ਗਿਆ ਸੀ ਜਿਸ ਰਾਹੀਂ ਉਸ ਵੱਲੋਂ ਮਿਤੀ 01 ਜਨਵਰੀ, 1996 ਤੋਂ ਮਿਤੀ-ਅੰਤ ਤੱਕ ਕਈ ਕੰਪਨੀਆਂ ਵੱਲੋਂ ਸਿੰਗਲ ਟਾਵਰ ਤੇ ਮੋਬਾਇਲ ਐਨਟੀਨਾ ਟਾਵਰਜ਼, ਰਿਸੀਵਰਜ਼/ ਟਰਾਂਸਮੀਟਰਜ਼ ਅਤੇ ਸਿਗਨਲ ਐਨਹਾਂਸਰਜ਼ ਲਗਾਉਣ ਨਾਲ ਸਬੰਧਤ 09 ਨੁਕਤਿਆਂ ਬਾਰੇ ਸੂਚਨਾ ਮੰਗੀ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 01-04-2018 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਪਹਿਲੀ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਮਿਤੀ 31-08-2018 ਨੂੰ ਅਪੀਲਕਰਤਾ ਨੇ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਜਿਸ ਨੂੰ ਪੜਚੋਲਣ ਉਪਰੰਤ ਕਮਿਸ਼ਨ ਵੱਲੋਂ ਮਿਤੀ 05-10-2018 ਨੂੰ ਅੱਜ ਪਹਿਲੀ ਸੁਣਵਾਈ, ਮਿਤੀ 02-11-2018 ਨੂੰ ਸਵੇਰੇ 11-30 ਵਜੇ ਲਈ ਨੋਟਿਸ ਜਾਰੀ ਕੀਤਾ ਗਿਆ ਸੀ।

2. ਅਪੀਲਕਰਤਾ ਅੱਜ ਹਾਜ਼ਰ ਨਹੀਂ ਹੋਇਆ ਪਰੰਤੂ ਉਸ ਵੱਲੋਂ ਆਪਣੇ ਨੁਮਾਇੰਦੇ, ਸ਼੍ਰੀ ਰਾਕੇਸ਼ ਕੁਮਾਰ ਗੁਪਤਾ, ਐਡਵੋਕੇਟ (ਮੋਬਾਇਲ ਨੰ:98149-24851) ਰਾਹੀਂ ਭੇਜੀ ਗਈ ਈ.ਮੇਲ, ਮਿਤੀ 24-06-2019 ਦੁਆਰਾ ਅੱਜ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਸੂਚਿਤ ਕਰਦੇ ਹੋਏ ਦੱਸਿਆ ਗਿਆ ਹੈ ਕਿ ਉਸ ਨੂੰ ਕੁੱਝ ਕੇਸਾਂ ਵਿੱਚ ਅਜੇ ਤੱਕ ਮੰਗੀ ਗਈ ਸੂਚਨਾ ਪ੍ਰਾਪਤ ਨਹੀਂ ਹੋਈ ਪਰੰਤੂ ਕੁੱਝ ਕੇਸਾਂ ਵਿੱਚ ਸੂਚਨਾ ਪ੍ਰਾਪਤ ਹੋ ਚੁੱਕੀ ਹੈ ਅਤੇ ਉਨ੍ਹਾਂ ਕੇਸਾਂ ਵਿੱਚ ਉਸ ਵੱਲੋਂ ਉੱਤਰਦਾਤਾ ਨੂੰ ਸੂਚਨਾ ਪ੍ਰਾਪਤੀ ਦੀ ਰਸੀਦ ਵੀ ਦੇ ਦਿੱਤੀ ਗਈ ਹੈ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਅਮਿਤ ਜ਼ੋਸ਼ੀ, ਲੇਖਾਕਾਰ ਨੇ ਪੱਤਰ ਨੰ:488-489, ਮਿਤੀ 27-05-2019 ਜ਼ੋ ਕਿ ਅਪੀਲਕਰਤਾ ਨੂੰ ਸੰਬੋਧਿਤ ਹੈ, ਦੀ ਕਾਪੀ ਪੇਸ਼ ਕਰਦੇ ਹੋਏ ਕਿਹਾ ਹੈ ਕਿ ਅਪੀਲਕਰਤਾ ਨੂੰ ਸੂਚਨਾ ਦਿੱਤੀ ਜਾ ਚੁੱਕੀ ਹੈ। ਹਾਜ਼ਰ ਉੱਤਰਦਾਤਾ ਵੱਲੋਂ ਪੇਸ਼ ਕੀਤਾ ਗਿਆ ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ। ਇਸ ਪੱਤਰ ਅਨੁਸਾਰ ਅਪੀਲਕਰਤਾ ਦੇ ਨੁਮਾਇੰਦੇ, ਸ਼੍ਰੀ ਆਰ.ਕੇ.ਗੁਪਤਾ, ਐਡਵੋਕੇਟ ਵੱਲੋਂ ਆਪਣੇ ਹਸਤਾਖਰਾਂ ਹੇਠ ਮਿਤੀ 28-05-2019 ਨੂੰ, ਬਿਨ੍ਹਾਂ ਕਿਸੇ ਕਥਨ ਦੇ, ਸੂਚਨਾ ਪ੍ਰਾਪਤ ਕੀਤੀ ਹੋਈ ਹੈ।ਇਸ ਕਰਕੇ ਇਸ ਕੇਸ ਵਿੱਚ ਕਿਸੇ ਹੋਰ ਕਾਰਵਾਈ ਦੀ ਲੋੜ ਨਹੀਂ ਹੈ। ਇਸ ਲਈ ਅਪੀਲਕਰਤਾ ਵੱਲੋਂ ਕਮਿਸ਼ਨ ਵਿਖੇ ਦਾਇਰ ਕੀਤਾ ਗਿਆ **ਅਪੀਲ ਕੇਸ ਦਾਖਲ ਦਫ਼ਤਰ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 24 ਜੂਨ, 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਮਨਪ੍ਰੀਤ ਸਿੰਘ ਔਲਖ, (98551-00351)
ਪੁੱਤਰ ਸ਼੍ਰੀ ਦੇਵਿੰਦਰ ਸਿੰਘ,
ਨੇੜੇ ਵਾਟਰ ਵਰਕਸ,
ਪਿੰਡ ਕੈਲਪੁਰ, ਡਾਕਖਾਨਾ ਦਾਖਾ,
ਜ਼ਿਲ੍ਹਾ ਲੁਧਿਆਣਾ। ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤ਼ਰ ਕਾਰਜ ਸਾਧਕ ਅਫਸਰ,
ਨਗਰ ਕੌਂਸਿਲ, ਮੁੱਲਾਂਪੁਰ ਦਾਖਾ,
ਜ਼ਿਲ੍ਹਾ ਲੁਧਿਆਣਾ।

ਪਹਿਲੀ ਅਪੀਲੀ ਅਥਾਰਟੀ,
ਦਫਤ਼ਰ ਡਿਪਟੀ ਡਾਇਰੈਕਟਰ,
ਸਥਾਨਕ ਸਰਕਾਰ,
ਮਿੰਨੀ ਸਕੱਤਰੇਤ, ਲੁਧਿਆਣਾ। ------ਉੱਤਰਦਾਤਾ

**ਅਪੀਲ ਕੇਸ ਨੰ: 2934 ਆਫ 2018**

**ਹਾਜ਼ਰ:-** 1) ਅਪੀਲਕਰਤਾ ਵੱਲੋਂ ਕੋਈ ਵੀ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਅਮਿਤ ਜ਼ੋਸ਼ੀ, ਲੇਖਾਕਾਰ (94631-28101)।

**ਹੁਕਮ:**

ਅਪੀਲਕਰਤਾ ਅੱਜ ਹਾਜ਼ਰ ਨਹੀਂ ਹੋਇਆ ਪਰੰਤੂ ਉਸ ਵੱਲੋਂ ਆਪਣੇ ਨੁਮਾਇੰਦੇ, ਸ਼੍ਰੀ ਰਾਕੇਸ਼ ਕੁਮਾਰ ਗੁਪਤਾ, ਐਡਵੋਕੇਟ (ਮੋਬਾਇਲ ਨੰ:98149-24851) ਰਾਹੀਂ ਭੇਜੀ ਗਈ ਈ.ਮੇਲ, ਮਿਤੀ 24-06-2019 ਦੁਆਰਾ ਅੱਜ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਸੂਚਿਤ ਕਰਦੇ ਹੋਏ ਅਤੇ ਇਹ ਵੀ ਦੱਸਿਆ ਗਿਆ ਹੈ ਕਿ ਉਸ ਨੂੰ ਇਸ ਕੇਸ ਵਿੱਚ ਅਜੇ ਤੱਕ ਮੰਗੀ ਗਈ ਸੂਚਨਾ ਪ੍ਰਾਪਤ ਨਹੀਂ ਹੋਈ। ਇਸ ਤੋਂ ਇਲਾਵਾ ਉਸ ਵੱਲੋਂ ਇਹ ਵੀ ਸੂਚਿਤ ਕੀਤਾ ਗਿਆ ਹੈ ਕਿ ਉਸ ਨੂੰ ਕੁੱਝ ਕੇਸਾਂ ਵਿੱਚ ਸੂਚਨਾ ਪ੍ਰਾਪਤ ਹੋ ਚੁੱਕੀ ਹੈ ਅਤੇ ਉਨ੍ਹਾਂ ਕੇਸਾਂ ਵਿੱਚ ਉਸ ਵੱਲੋਂ ਉੱਤਰਦਾਤਾ ਨੂੰ ਸੂਚਨਾ ਪ੍ਰਾਪਤੀ ਦੀ ਰਸੀਦ ਵੀ ਦੇ ਦਿੱਤੀ ਗਈ ਹੈ।

2. ਅੱਜ ਪੇਸ਼ੀ ਤੇ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਅਮਿਤ ਜ਼ੋਸ਼ੀ, ਲੇਖਾਕਾਰ ਨੇ ਕਿਹਾ ਹੈ ਕਿ ਇਸ ਕੇਸ ਵਿੱਚ ਉਨ੍ਹਾਂ ਕੋਲ ਉਪਲਬਧ ਸਾਰੀ ਸੂਚਨਾ ਅਪੀਲਕਰਤਾ ਨੂੰ ਦਿੱਤੀ ਜਾ ਚੁੱਕੀ ਹੈ ਅਤੇ ਉਨ੍ਹਾਂ ਕੋਲ ਹੋਰ ਸੂਚਨਾ ਉਪਲਬਧ ਨਹੀਂ।ਉਸ ਵੱਲੋਂ ਇਸ ਸਬੰਧੀ ਹਲਫੀਆ-ਬਿਆਨ ਪੇਸ਼ ਕਰਨ ਦਾ ਭਰੋਸਾ ਦਿੰਦੇ ਸਮੇਂ ਦੀ ਮੰਗ ਕੀਤੀ ਗਈ ਹੈ। ਇਸ ਲਈ ਇਹ ਕੇਸ **ਅਗਲੀ ਸੁਣਵਾਈ ਮਿਤੀ 02-07-2019 ਨੂੰ 11.30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 24 ਜੂਨ, 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਮਨਪ੍ਰੀਤ ਸਿੰਘ ਔਲਖ, (98551-00351)
ਪੁੱਤਰ ਸ਼੍ਰੀ ਦੇਵਿੰਦਰ ਸਿੰਘ,
ਨੇੜੇ ਵਾਟਰ ਵਰਕਸ,
ਪਿੰਡ ਕੈਲਪੁਰ, ਡਾਕਖਾਨਾ ਦਾਖਾ,
ਜ਼ਿਲ੍ਹਾ ਲੁਧਿਆਣਾ। ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤ਼ਰ ਕਾਰਜ ਸਾਧਕ ਅਫਸਰ,
ਨਗਰ ਕੌਂਸਿਲ, ਮੁੱਲਾਂਪੁਰ ਦਾਖਾ,
ਜ਼ਿਲ੍ਹਾ ਲੁਧਿਆਣਾ।

ਪਹਿਲੀ ਅਪੀਲੀ ਅਥਾਰਟੀ,
ਦਫਤ਼ਰ ਡਿਪਟੀ ਡਾਇਰੈਕਟਰ,
ਸਥਾਨਕ ਸਰਕਾਰ,
ਮਿੰਨੀ ਸਕੱਤਰੇਤ, ਲੁਧਿਆਣਾ। ------ਉੱਤਰਦਾਤਾ

**ਅਪੀਲ ਕੇਸ ਨੰ: 2935 ਆਫ 2018**

**ਹਾਜ਼ਰ:-** 1) ਅਪੀਲਕਰਤਾ ਵੱਲੋਂ ਕੋਈ ਵੀ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਅਮਿਤ ਜ਼ੋਸ਼ੀ, ਲੇਖਾਕਾਰ (94631-28101)।

**ਹੁਕਮ:**

ਅਪੀਲਕਰਤਾ ਅੱਜ ਹਾਜ਼ਰ ਨਹੀਂ ਹੋਇਆ ਪਰੰਤੂ ਉਸ ਵੱਲੋਂ ਆਪਣੇ ਨੁਮਾਇੰਦੇ, ਸ਼੍ਰੀ ਰਾਕੇਸ਼ ਕੁਮਾਰ ਗੁਪਤਾ, ਐਡਵੋਕੇਟ (ਮੋਬਾਇਲ ਨੰ:98149-24851) ਰਾਹੀਂ ਭੇਜੀ ਗਈ ਈ.ਮੇਲ, ਮਿਤੀ 24-06-2019 ਦੁਆਰਾ ਅੱਜ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਸੂਚਿਤ ਕਰਦੇ ਹੋਏ ਅਤੇ ਇਹ ਵੀ ਦੱਸਿਆ ਗਿਆ ਹੈ ਕਿ ਉਸ ਨੂੰ ਇਸ ਕੇਸ ਵਿੱਚ ਅਜੇ ਤੱਕ ਮੰਗੀ ਗਈ ਸੂਚਨਾ ਪ੍ਰਾਪਤ ਨਹੀਂ ਹੋਈ। ਇਸ ਤੋਂ ਇਲਾਵਾ ਉਸ ਵੱਲੋਂ ਇਹ ਵੀ ਸੂਚਿਤ ਕੀਤਾ ਗਿਆ ਹੈ ਕਿ ਉਸ ਨੂੰ ਕੁੱਝ ਕੇਸਾਂ ਵਿੱਚ ਸੂਚਨਾ ਪ੍ਰਾਪਤ ਹੋ ਚੁੱਕੀ ਹੈ ਅਤੇ ਉਨ੍ਹਾਂ ਕੇਸਾਂ ਵਿੱਚ ਉਸ ਵੱਲੋਂ ਉੱਤਰਦਾਤਾ ਨੂੰ ਸੂਚਨਾ ਪ੍ਰਾਪਤੀ ਦੀ ਰਸੀਦ ਵੀ ਦੇ ਦਿੱਤੀ ਗਈ ਹੈ।

2. ਅੱਜ ਪੇਸ਼ੀ ਤੇ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਅਮਿਤ ਜ਼ੋਸ਼ੀ, ਲੇਖਾਕਾਰ ਨੇ ਕਿਹਾ ਹੈ ਕਿ ਇਸ ਕੇਸ ਵਿੱਚ ਉਨ੍ਹਾਂ ਕੋਲ ਉਪਲਬਧ ਸਾਰੀ ਸੂਚਨਾ ਅਪੀਲਕਰਤਾ ਨੂੰ ਦਿੱਤੀ ਜਾ ਚੁੱਕੀ ਹੈ ਅਤੇ ਉਨ੍ਹਾਂ ਕੋਲ ਹੋਰ ਸੂਚਨਾ ਉਪਲਬਧ ਨਹੀਂ।ਉਸ ਵੱਲੋਂ ਇਸ ਸਬੰਧੀ ਹਲਫੀਆ-ਬਿਆਨ ਪੇਸ਼ ਕਰਨ ਦਾ ਭਰੋਸਾ ਦਿੰਦੇ ਸਮੇਂ ਦੀ ਮੰਗ ਕੀਤੀ ਗਈ ਹੈ। ਇਸ ਲਈ ਇਹ ਕੇਸ **ਅਗਲੀ ਸੁਣਵਾਈ ਮਿਤੀ 02-07-2019 ਨੂੰ 11.30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 24 ਜੂਨ, 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਮਨਪ੍ਰੀਤ ਸਿੰਘ ਔਲਖ, (98551-00351)
ਪੁੱਤਰ ਸ਼੍ਰੀ ਦੇਵਿੰਦਰ ਸਿੰਘ,
ਨੇੜੇ ਵਾਟਰ ਵਰਕਸ, ਪਿੰਡ ਕੈਲਪੁਰ,
ਡਾਕਖਾਨਾ ਦਾਖਾ, ਜ਼ਿਲ੍ਹਾ ਲੁਧਿਆਣਾ। ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤ਼ਰ ਕਾਰਜ ਸਾਧਕ ਅਫਸਰ,
ਨਗਰ ਕੌਂਸਿਲ, ਮੁੱਲਾਂਪੁਰ ਦਾਖਾ, ਜ਼ਿਲ੍ਹਾ ਲੁਧਿਆਣਾ।

ਪਹਿਲੀ ਅਪੀਲੀ ਅਥਾਰਟੀ,
ਦਫਤ਼ਰ ਡਿਪਟੀ ਡਾਇਰੈਕਟਰ,
ਸਥਾਨਕ ਸਰਕਾਰ, ਮਿੰਨੀ ਸਕੱਤਰੇਤ, ਲੁਧਿਆਣਾ। ------ਉੱਤਰਦਾਤਾ

**ਅਪੀਲ ਕੇਸ ਨੰ: 2936 ਆਫ 2018**

**ਹਾਜ਼ਰ:-** 1) ਅਪੀਲਕਰਤਾ ਵੱਲੋਂ ਕੋਈ ਵੀ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਅਮਿਤ ਜ਼ੋਸ਼ੀ, ਲੇਖਾਕਾਰ (94631-28101)।

**ਹਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇੱਕ ਬਿਨੈ ਪੱਤਰ ਮਿਤੀ 07-08-2017 ਨੂੰ ਲੋਕ ਸੂਚਨਾ ਅਧਿਕਾਰੀ, ਦਫਤਰ ਕਾਰਜ ਸਾਧਕ ਅਫਸਰ, ਨਗਰ ਕੌਂਸਿਲ, ਮੁੱਲਾਂਪੁਰ ਦਾਖਾ, ਜ਼ਿਲ੍ਹਾ ਲੁਧਿਆਣਾ ਨੂੰ ਪੇਸ਼ ਕੀਤਾ ਗਿਆ ਸੀ ਜਿਸ ਰਾਹੀਂ ਉਸ ਵੱਲੋਂ ਮਿਤੀ 01 ਜਨਵਰੀ, 2007 ਤੋਂ ਮਿਤੀ-ਅੰਤ ਤੱਕ ਵਾਰਡ ਨੰ:7 ਅਧੀਨ ਖੇਤਰ ਵਿੱਚ ਵਿਕਾਸ ਕੰਮਾਂ ਅਤੇ ਮੁਰੰਮਤ ਲਈ ਪਾਸ ਕੀਤੇ ਗਏ ਮਤੇਨਾਲ ਸਬੰਧਤ 09 ਨੁਕਤਿਆਂ ਬਾਰੇ ਸੂਚਨਾ ਮੰਗੀ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 15-09-2018 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਪਹਿਲੀ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਮਿਤੀ 31-08-2018 ਨੂੰ ਅਪੀਲਕਰਤਾ ਨੇ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਜਿਸ ਨੂੰ ਪੜਚੋਲਣ ਉਪਰੰਤ ਕਮਿਸ਼ਨ ਵੱਲੋਂ ਮਿਤੀ 05-10-2018 ਨੂੰ ਅੱਜ ਪਹਿਲੀ ਸੁਣਵਾਈ, ਮਿਤੀ 02-11-2018 ਨੂੰ ਸਵੇਰੇ 11-30 ਵਜੇ ਲਈ ਨੋਟਿਸ ਜਾਰੀ ਕੀਤਾ ਗਿਆ ਸੀ।

2. ਅਪੀਲਕਰਤਾ ਅੱਜ ਹਾਜ਼ਰ ਨਹੀਂ ਹੋਇਆ ਪਰੰਤੂ ਉਸ ਵੱਲੋਂ ਆਪਣੇ ਨੁਮਾਇੰਦੇ, ਸ਼੍ਰੀ ਰਾਕੇਸ਼ ਕੁਮਾਰ ਗੁਪਤਾ, ਐਡਵੋਕੇਟ (ਮੋਬਾਇਲ ਨੰ:98149-24851) ਰਾਹੀਂ ਭੇਜੀ ਗਈ ਈ.ਮੇਲ, ਮਿਤੀ 24-06-2019 ਦੁਆਰਾ ਅੱਜ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਸੂਚਿਤ ਕਰਦੇ ਹੋਏ ਦੱਸਿਆ ਗਿਆ ਹੈ ਕਿ ਉਸ ਨੂੰ ਕੁੱਝ ਕੇਸਾਂ ਵਿੱਚ ਅਜੇ ਤੱਕ ਮੰਗੀ ਗਈ ਸੂਚਨਾ ਪ੍ਰਾਪਤ ਨਹੀਂ ਹੋਈ ਪਰੰਤੂ ਕੁੱਝ ਕੇਸਾਂ ਵਿੱਚ ਸੂਚਨਾ ਪ੍ਰਾਪਤ ਹੋ ਚੁੱਕੀ ਹੈ ਅਤੇ ਉਨ੍ਹਾਂ ਕੇਸਾਂ ਵਿੱਚ ਉਸ ਵੱਲੋਂ ਉੱਤਰਦਾਤਾ ਨੂੰ ਸੂਚਨਾ ਪ੍ਰਾਪਤੀ ਦੀ ਰਸੀਦ ਵੀ ਦੇ ਦਿੱਤੀ ਗਈ ਹੈ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਅਮਿਤ ਜ਼ੋਸ਼ੀ, ਲੇਖਾਕਾਰ ਨੇ ਪੱਤਰ ਨੰ:494-495, ਮਿਤੀ 27-05-2019 ਜ਼ੋ ਕਿ ਅਪੀਲਕਰਤਾ ਨੂੰ ਸੰਬੋਧਿਤ ਹੈ, ਦੀ ਕਾਪੀ ਪੇਸ਼ ਕਰਦੇ ਹੋਏ ਕਿਹਾ ਹੈ ਕਿ ਅਪੀਲਕਰਤਾ ਨੂੰ ਸੂਚਨਾ ਦਿੱਤੀ ਜਾ ਚੁੱਕੀ ਹੈ। ਹਾਜ਼ਰ ਉੱਤਰਦਾਤਾ ਵੱਲੋਂ ਪੇਸ਼ ਕੀਤਾ ਗਿਆ ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ। ਇਸ ਪੱਤਰ ਅਨੁਸਾਰ ਅਪੀਲਕਰਤਾ ਦੇ ਨੁਮਾਇੰਦੇ, ਸ਼੍ਰੀ ਆਰ.ਕੇ.ਗੁਪਤਾ, ਐਡਵੋਕੇਟ ਵੱਲੋਂ ਆਪਣੇ ਹਸਤਾਖਰਾਂ ਹੇਠ ਮਿਤੀ 28-05-2019 ਨੂੰ, ਬਿਨ੍ਹਾਂ ਕਿਸੇ ਕਥਨ ਦੇ, ਸੂਚਨਾ ਪ੍ਰਾਪਤ ਕੀਤੀ ਹੋਈ ਹੈ।ਇਸ ਕਰਕੇ ਇਸ ਕੇਸ ਵਿੱਚ ਕਿਸੇ ਹੋਰ ਕਾਰਵਾਈ ਦੀ ਲੋੜ ਨਹੀਂ ਹੈ। ਇਸ ਲਈ ਅਪੀਲਕਰਤਾ ਵੱਲੋਂ ਕਮਿਸ਼ਨ ਵਿਖੇ ਦਾਇਰ ਕੀਤਾ ਗਿਆ **ਅਪੀਲ ਕੇਸ ਦਾਖਲ ਦਫ਼ਤਰ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
**ਮਿਤੀ: ਚੰਡੀਗੜ੍ਹ, 24 ਜੂਨ, 2019.** ਰਾਜ ਸੂਚਨਾ ਕਮਿਸ਼ਨਰ, ਪੰਜਾਬ।

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਮਨਪ੍ਰੀਤ ਸਿੰਘ ਔਲਖ, (98551-00351)
ਪੁੱਤਰ ਸ਼੍ਰੀ ਦੇਵਿੰਦਰ ਸਿੰਘ,
ਨੇੜੇ ਵਾਟਰ ਵਰਕਸ,
ਪਿੰਡ ਕੈਲਪੁਰ, ਡਾਕਖਾਨਾ ਦਾਖਾ,
ਜ਼ਿਲ੍ਹਾ ਲੁਧਿਆਣਾ। ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤ਼ਰ ਕਾਰਜ ਸਾਧਕ ਅਫਸਰ,
ਨਗਰ ਕੌਂਸਿਲ, ਮੁੱਲਾਂਪੁਰ ਦਾਖਾ,
ਜ਼ਿਲ੍ਹਾ ਲੁਧਿਆਣਾ।

ਪਹਿਲੀ ਅਪੀਲੀ ਅਥਾਰਟੀ,
ਦਫਤ਼ਰ ਡਿਪਟੀ ਡਾਇਰੈਕਟਰ, ਸਥਾਨਕ ਸਰਕਾਰ,
ਮਿੰਨੀ ਸਕੱਤਰੇਤ, ਲੁਧਿਆਣਾ। ------ਉੱਤਰਦਾਤਾ

**ਅਪੀਲ ਕੇਸ ਨੰ: 2927 ਆਫ 2018**

**ਹਾਜ਼ਰ:-** 1) ਅਪੀਲਕਰਤਾ ਵੱਲੋਂ ਕੋਈ ਵੀ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਅਮਿਤ ਜ਼ੋਸ਼ੀ, ਲੇਖਾਕਾਰ (94631-28101)।

**ਹੁਕਮ:**

ਅਪੀਲਕਰਤਾ ਅੱਜ ਹਾਜ਼ਰ ਨਹੀਂ ਹੋਇਆ ਪਰੰਤੂ ਉਸ ਵੱਲੋਂ ਆਪਣੇ ਨੁਮਾਇੰਦੇ, ਸ਼੍ਰੀ ਰਾਕੇਸ਼ ਕੁਮਾਰ ਗੁਪਤਾ, ਐਡਵੋਕੇਟ (ਮੋਬਾਇਲ ਨੰ:98149-24851) ਰਾਹੀਂ ਭੇਜੀ ਗਈ ਈ.ਮੇਲ, ਮਿਤੀ 24-06-2019 ਦੁਆਰਾ ਅੱਜ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਸੂਚਿਤ ਕਰਦੇ ਹੋਏ ਅਤੇ ਇਹ ਵੀ ਦੱਸਿਆ ਗਿਆ ਹੈ ਕਿ ਉਸ ਨੂੰ ਇਸ ਕੇਸ ਵਿੱਚ ਅਜੇ ਤੱਕ ਮੰਗੀ ਗਈ ਸੂਚਨਾ ਪ੍ਰਾਪਤ ਨਹੀਂ ਹੋਈ। ਇਸ ਤੋਂ ਇਲਾਵਾ ਉਸ ਵੱਲੋਂ ਇਹ ਵੀ ਸੂਚਿਤ ਕੀਤਾ ਗਿਆ ਹੈ ਕਿ ਉਸ ਨੂੰ ਕੁੱਝ ਕੇਸਾਂ ਵਿੱਚ ਸੂਚਨਾ ਪ੍ਰਾਪਤ ਹੋ ਚੁੱਕੀ ਹੈ ਅਤੇ ਉਨ੍ਹਾਂ ਕੇਸਾਂ ਵਿੱਚ ਉਸ ਵੱਲੋਂ ਉੱਤਰਦਾਤਾ ਨੂੰ ਸੂਚਨਾ ਪ੍ਰਾਪਤੀ ਦੀ ਰਸੀਦ ਵੀ ਦੇ ਦਿੱਤੀ ਗਈ ਹੈ।

2. ਅੱਜ ਪੇਸ਼ੀ ਤੇ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਅਮਿਤ ਜ਼ੋਸ਼ੀ, ਲੇਖਾਕਾਰ ਨੇ ਕਿਹਾ ਹੈ ਕਿ ਇਸ ਕੇਸ ਵਿੱਚ ਉਨ੍ਹਾਂ ਕੋਲ ਉਪਲਬਧ ਸਾਰੀ ਸੂਚਨਾ ਅਪੀਲਕਰਤਾ ਨੂੰ ਦਿੱਤੀ ਜਾ ਚੁੱਕੀ ਹੈ ਅਤੇ ਉਨ੍ਹਾਂ ਕੋਲ ਹੋਰ ਸੂਚਨਾ ਉਪਲਬਧ ਨਹੀਂ।ਉਸ ਵੱਲੋਂ ਇਸ ਸਬੰਧੀ ਹਲਫੀਆ-ਬਿਆਨ ਪੇਸ਼ ਕਰਨ ਦਾ ਭਰੋਸਾ ਦਿੰਦੇ ਸਮੇਂ ਦੀ ਮੰਗ ਕੀਤੀ ਗਈ ਹੈ। ਇਸ ਲਈ ਇਹ ਕੇਸ **ਅਗਲੀ ਸੁਣਵਾਈ ਮਿਤੀ 02-07-2019 ਨੂੰ 11.30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

**(ਨਿਪੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 24 ਜੂਨ, 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਮਨਪ੍ਰੀਤ ਸਿੰਘ ਔਲਖ, (98551-00351)
ਪੁੱਤਰ ਸ਼੍ਰੀ ਦੇਵਿੰਦਰ ਸਿੰਘ,
ਨੇੜੇ ਵਾਟਰ ਵਰਕਸ,ਪਿੰਡ ਕੈਲਪੁਰ,
ਡਾਕਖਾਨਾ ਦਾਖਾ, ਜ਼ਿਲ੍ਹਾ ਲੁਧਿਆਣਾ। ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤ਼ਰ ਕਾਰਜ ਸਾਧਕ ਅਫਸਰ,
ਨਗਰ ਕੌਂਸਿਲ, ਮੁੱਲਾਂਪੁਰ ਦਾਖਾ, ਜ਼ਿਲ੍ਹਾ ਲੁਧਿਆਣਾ।

ਪਹਿਲੀ ਅਪੀਲੀ ਅਥਾਰਟੀ,
ਦਫਤ਼ਰ ਡਿਪਟੀ ਡਾਇਰੈਕਟਰ,
ਸਥਾਨਕ ਸਰਕਾਰ, ਮਿੰਨੀ ਸਕੱਤਰੇਤ, ਲੁਧਿਆਣਾ। ------ਉੱਤਰਦਾਤਾ

**ਅਪੀਲ ਕੇਸ ਨੰ: 2928 ਆਫ 2018**

**ਹਾਜ਼ਰ:-** 1) ਅਪੀਲਕਰਤਾ ਵੱਲੋਂ ਕੋਈ ਵੀ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਅਮਿਤ ਜ਼ੋਸ਼ੀ, ਲੇਖਾਕਾਰ (94631-28101)।

**ਹਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇੱਕ ਬਿਨੈ ਪੱਤਰ ਮਿਤੀ 27-01-2018 ਨੂੰ ਲੋਕ ਸੂਚਨਾ ਅਧਿਕਾਰੀ, ਦਫਤਰ ਕਾਰਜ ਸਾਧਕ ਅਫਸਰ,ਨਗਰ ਕੌਂਸਿਲ, ਮੁੱਲਾਂਪੁਰ ਦਾਖਾ, ਜ਼ਿਲ੍ਹਾ ਲੁਧਿਆਣਾ ਨੂੰ ਪੇਸ਼ ਕੀਤਾ ਗਿਆ ਸੀ ਜਿਸ ਰਾਹੀਂ ਉਸ ਵੱਲੋਂ ਮਿਤੀ 01 ਜਨਵਰੀ, 2011 ਤੋਂ ਮਿਤੀ-ਅੰਤ ਤੱਕ ਨਗਰ ਕੌਂਸਿਲ ਦਾਖਾ ਦੀ ਕੁੱਝ ਜਾਇਦਾਦ ਦੀ ਮਲਕੀਅਤ ਅਤੇ ਜ਼ਮੀਨ ਦੇ ਗੈਰਕਾਨੂੰਨੀ ਕਬਜੇ ਲਈ ਕਈ ਵਿਭਾਗਾਂ ਦੇ ਨੋਟਿਸਾਂ ਨਾਲ ਸਬੰਧਤ 05 ਨੁਕਤਿਆਂ ਬਾਰੇ ਸੂਚਨਾ ਮੰਗੀ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 23-03-2018 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਪਹਿਲੀ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਮਿਤੀ 31-08-2018 ਨੂੰ ਅਪੀਲਕਰਤਾ ਨੇ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਜਿਸ ਨੂੰ ਪੜਚੋਲਣ ਉਪਰੰਤ ਕਮਿਸ਼ਨ ਵੱਲੋਂ ਮਿਤੀ 04-10-2018 ਨੂੰ ਅੱਜ ਪਹਿਲੀ ਸੁਣਵਾਈ, ਮਿਤੀ 01-11-2018 ਨੂੰ ਸਵੇਰੇ 11-30 ਵਜੇ ਲਈ ਨੋਟਿਸ ਜਾਰੀ ਕੀਤਾ ਗਿਆ ਸੀ।

2. ਅਪੀਲਕਰਤਾ ਅੱਜ ਹਾਜ਼ਰ ਨਹੀਂ ਹੋਇਆ ਪਰੰਤੂ ਉਸ ਵੱਲੋਂ ਆਪਣੇ ਨੁਮਾਇੰਦੇ, ਸ਼੍ਰੀ ਰਾਕੇਸ਼ ਕੁਮਾਰ ਗੁਪਤਾ, ਐਡਵੋਕੇਟ (ਮੋਬਾਇਲ ਨੰ:98149-24851) ਰਾਹੀਂ ਭੇਜੀ ਗਈ ਈ.ਮੇਲ, ਮਿਤੀ 24-06-2019 ਦੁਆਰਾ ਅੱਜ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਸੂਚਿਤ ਕਰਦੇ ਹੋਏ ਦੱਸਿਆ ਗਿਆ ਹੈ ਕਿ ਉਸ ਨੂੰ ਕੁੱਝ ਕੇਸਾਂ ਵਿੱਚ ਅਜੇ ਤੱਕ ਮੰਗੀ ਗਈ ਸੂਚਨਾ ਪ੍ਰਾਪਤ ਨਹੀਂ ਹੋਈ ਪਰੰਤੂ ਕੁੱਝ ਕੇਸਾਂ ਵਿੱਚ ਸੂਚਨਾ ਪ੍ਰਾਪਤ ਹੋ ਚੁੱਕੀ ਹੈ ਅਤੇ ਉਨ੍ਹਾਂ ਕੇਸਾਂ ਵਿੱਚ ਉਸ ਵੱਲੋਂ ਉੱਤਰਦਾਤਾ ਨੂੰ ਸੂਚਨਾ ਪ੍ਰਾਪਤੀ ਦੀ ਰਸੀਦ ਵੀ ਦੇ ਦਿੱਤੀ ਗਈ ਹੈ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਅਮਿਤ ਜ਼ੋਸ਼ੀ, ਲੇਖਾਕਾਰ ਨੇ ਪੱਤਰ ਨੰ:478-479, ਮਿਤੀ 27-05-2019 ਜੋ ਕਿ ਅਪੀਲਕਰਤਾ ਨੂੰ ਸੰਬੋਧਿਤ ਹੈ, ਦੀ ਕਾਪੀ ਪੇਸ਼ ਕਰਦੇ ਹੋਏ ਕਿਹਾ ਹੈ ਕਿ ਅਪੀਲਕਰਤਾ ਨੂੰ ਸੂਚਨਾ ਦਿੱਤੀ ਜਾ ਚੁੱਕੀ ਹੈ। ਹਾਜ਼ਰ ਉੱਤਰਦਾਤਾ ਵੱਲੋਂ ਪੇਸ਼ ਕੀਤਾ ਗਿਆ ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ। ਇਸ ਪੱਤਰ ਅਨੁਸਾਰ ਅਪੀਲਕਰਤਾ ਦੇ ਨੁਮਾਇੰਦੇ, ਸ਼੍ਰੀ ਆਰ.ਕੇ.ਗੁਪਤਾ, ਐਡਵੋਕੇਟ ਵੱਲੋਂ ਆਪਣੇ ਹਸਤਾਖਰਾਂ ਹੇਠ ਮਿਤੀ 28-05-2019 ਨੂੰ, ਬਿਨ੍ਹਾਂ ਕਿਸੇ ਕਥਨ ਦੇ, ਸੂਚਨਾ ਪ੍ਰਾਪਤ ਕੀਤੀ ਹੋਈ ਹੈ।ਇਸ ਕਰਕੇ ਇਸ ਕੇਸ ਵਿੱਚ ਕਿਸੇ ਹੋਰ ਕਾਰਵਾਈ ਦੀ ਲੋੜ ਨਹੀਂ ਹੈ। ਇਸ ਲਈ ਅਪੀਲਕਰਤਾ ਵੱਲੋਂ ਕਮਿਸ਼ਨ ਵਿਖੇ ਦਾਇਰ ਕੀਤਾ ਗਿਆ **ਅਪੀਲ ਕੇਸ ਦਾਖਲ ਦਫ਼ਤਰ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 24 ਜੂਨ, 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਦੇਵਿੰਦਰ ਸਿੰਘ,
ਪੁੱਤਰ ਸ਼੍ਰੀ ਮਲਕੀਤ ਸਿੰਘ,
ਵਾਸੀ ਢਿਲਵਾਂ ਨਾਭਾ,
ਤਹਿਸੀਲ ਤਪਾ, ਜ਼ਿਲ੍ਹਾ ਬਰਨਾਲਾ। -------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਗੁਰੂ ਗੋਬਿੰਦ ਸਿੰਘ ਕਾਲਿਜ, ਸੰਘੇੜਾ,
ਬਰਨਾਲਾ।

ਪਹਿਲੀ ਅਪੀਲੀ ਅਥਾਰਟੀ,
ਦਫ਼ਤਰ ਡਾਇਰੈਕਟਰ, ਸਿੱਖਿਆ (ਕਾਲਿਜਾਂ),
ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ,
ਈ-ਬਲਾਕ, 7ਵੀਂ ਮੰਜ਼ਿਲ, ਫੇਸ-8,
ਮੁਹਾਲੀ। -------ਉੱਤਰਦਾਤਾ

**ਅਪੀਲ ਕੇਸ ਨੰ:2498 ਆਫ 2014**

**ਹਾਜ਼ਰ:**

1) ਅਪੀਲਕਰਤਾ ਵੱਲੋਂ ਕੋਈ ਵੀ ਨਹੀਂ।
2) ਉਤਰਦਾਤਾ (ਲੋਕ ਸੂਚਨਾ ਅਧਿਕਾਰੀ) ਦੇ ਅਧਿਕਾਰਿਤ ਨੁਮਾਇੰਦੇ ਸ਼੍ਰੀ ਅਰੀਹੰਤ ਗੋਇਲ, ਐਡਵੋਕੇਟ (88721-00053) ਦੀ ਤਰਫੋਂ ਸ਼੍ਰੀਮਤੀ ਆਸ਼ਾ ਰਾਣੀ, ਐਡਵੋਕੇਟ (76968-65167)।

**ਹੁਕਮ:**

ਅਪੀਲਕਰਤਾ ਵੱਲੋਂ ਅੱਜ ਕੋਈ ਵੀ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਆਪਣੀ ਗੈਰਹਾਜ਼ਰੀ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਹੀ ਭੇਜੀ ਗਈ ਹੈ।

2. ਉਤਰਦਾਤਾ (ਲੋਕ ਸੂਚਨਾ ਅਧਿਕਾਰੀ) ਦੇ ਅਧਿਕਾਰਿਤ ਨੁਮਾਇੰਦੇ ਸ਼੍ਰੀ ਅਰੀਹੰਤ ਗੋਇਲ, ਐਡਵੋਕੇਟ ਦੀ ਤਰਫੋਂ ਹਾਜ਼ਰ ਸ਼੍ਰੀਮਤੀ ਆਸ਼ਾ ਰਾਣੀ, ਐਡਵੋਕੇਟ ਨੇ ਅੱਜ ਫਿਰ ਆਪਣਾ ਜਵਾਬ ਪੇਸ਼ ਕਰਨ ਲਈ ਸਮੇਂ ਦੀ ਮੰਗ ਕੀਤੀ ਹੈ। ਉਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਇਸ ਕੇਸ ਵਿੱਚ ਪਹਿਲਾਂ ਵੀ ਮਿਤੀ 13-02-2019, 20-03-2019 ਅਤੇ 07-05-2019 ਨੂੰ ਆਪਣਾ ਜਵਾਬ ਪੇਸ਼ ਕਰਨ ਲਈ ਸਮੇਂ ਦੀ ਮੰਗ ਕੀਤੀ ਜਾ ਚੁੱਕੀ ਹੈ। ਹਾਜ਼ਰ ਉੱਤਰਦਾਤਾ, ਸ਼੍ਰੀਮਤੀ ਆਸ਼ਾ ਰਾਣੀ, ਐਡਵੋਕੇਟ ਕੇਸ ਦੇ ਤੱਥਾਂ ਤੋਂ ਚੰਗੀ ਤਰ੍ਹਾਂ ਵਾਕਫ ਨਾ ਹੋਣ ਕਾਰਨ ਅਪੀਲਕਰਤਾ ਨੂੰ ਸੂਚਨਾ ਮੁਹੱਈਆ ਕਰਾਉਣ ਜਾਂ ਨਾ ਕਰਾਉਣ ਬਾਰੇ ਕੋਈ ਤਸੱਲੀਬਖਸ਼ ਜਵਾਬ ਨਹੀਂ ਦੇ ਸਕੀ। ਇੱਥੋਂ ਤੱਕ ਕਿ ਉਸ ਵੱਲੋ ਕਾਲਿਜ ਦੇ ਪ੍ਰਿੰਸੀਪਲ ਦਾ ਨਾਮ ਦੱਸਣ ਤੋਂ ਵੀ ਅਸਮਰੱਥਾ ਪ੍ਰਗਟਾਈ ਗਈ ਹੈ। ਇਸ ਤਰ੍ਹਾਂ ਪਿੰਸੀਪਲ-ਕਮ-ਲੋਕ ਸੂਚਨਾ ਅਧਿਕਾਰੀ ਵੱਲੋਂ ਇਸ ਮਾਮਲੇ ਨੂੰ ਬਿਨ੍ਹਾਂ ਵਜ੍ਹਾ ਲਮਕਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਿਸ ਦਾ ਕਮਿਸ਼ਨ ਨੇ ਗੰਭੀਰ ਨੋਟਿਸ ਲਿਆ ਹੈ। ਇਸ ਲਈ ਪ੍ਰਿੰਸੀਪਲ-ਕਮ-ਲੋਕ ਸੂਚਨਾ ਅਧਿਕਾਰੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਪੇਸ਼ੀ ਦੀ ਅਗਲੀ ਮਿਤੀ ਤੇ ਨਿੱਜੀ ਤੌਰ ਤੇ ਹਾਜ਼ਰ ਹੋ ਕੇ ਕੇਸ ਦੀ ਸਥਿਤੀ ਬਾਰੇ ਵਿਸਥਾਰ-ਪੂਰਵਕ ਜਵਾਬ ਪੇਸ਼ ਕੀਤਾ ਜਾਵੇ।

3. ਉਕਤ ਤੋਂ ਇਲਾਵਾ ਡਾਇਰੈਕਟਰ, ਸਿੱਖਿਆ (ਕਾਲਿਜਾਂ), ਪੰਜਾਬ-ਕਮ-ਪਹਿਲੀ ਅਪੀਲੀ ਅਥਾਰਟੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਪ੍ਰਿੰਸੀਪਲ-ਕਮ-ਲੋਕ ਸੂਚਨਾ ਅਧਿਕਾਰੀ ਵੱਲੋਂ ਸੂਚਨਾ ਦਾ ਅਧਿਕਾਰ ਐਕਟ, 2005 ਨਾਲ ਸਬੰਧਤ ਮਾਮਲਿਆਂ ਵੱਲ ਵਿਸ਼ੇਸ਼ ਧਿਆਨ ਨਾ ਦੇਣ ਦਾ ਕਾਰਨ ਉਸ ਵਿਰੁੱਧ ਵਿਭਾਗੀ ਨਿਯਮਾਂ ਅਧੀਨ ਬਣਦੀ ਕਾਰਵਾਈ ਕਰ ਕੇ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਹਦਾਇਤ ਦੇ ਨਾਲ ਇਹ ਕੇਸ **ਅਗਲੀ ਸੁਣਵਾਈ ਮਿਤੀ 15-07-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

(ਨਿਧੜਕ ਸਿੰਘ ਬਰਾੜ)
**ਮਿਤੀ: ਚੰਡੀਗੜ੍ਹ, 24 ਜੂਨ, 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਮਨਪ੍ਰੀਤ ਸਿੰਘ ਔਲਖ, (98551-00351)
ਪੁੱਤਰ ਸ਼੍ਰੀ ਦੇਵਿੰਦਰ ਸਿੰਘ,
ਨੇੜੇ ਵਾਟਰ ਵਰਕਸ,
ਪਿੰਡ ਕੈਲਪੁਰ, ਡਾਕਖਾਨਾ ਦਾਖਾ,
ਜ਼ਿਲ੍ਹਾ ਲੁਧਿਆਣਾ। ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤ਼ਰ ਕਾਰਜ ਸਾਧਕ ਅਫਸਰ,
ਨਗਰ ਕੌਂਸਿਲ, ਮੁੱਲਾਂਪੁਰ ਦਾਖਾ,
ਜ਼ਿਲ੍ਹਾ ਲੁਧਿਆਣਾ।

ਪਹਿਲੀ ਅਪੀਲੀ ਅਥਾਰਟੀ,
ਦਫਤ਼ਰ ਡਿਪਟੀ ਡਾਇਰੈਕਟਰ, ਸਥਾਨਕ ਸਰਕਾਰ,
ਮਿੰਨੀ ਸਕੱਤਰੇਤ, ਲੁਧਿਆਣਾ। ------ਉੱਤਰਦਾਤਾ

**ਅਪੀਲ ਕੇਸ ਨੰ: 2926 ਆਫ 2018**

**ਹਾਜ਼ਰ:-**
1) ਅਪੀਲਕਰਤਾ ਵੱਲੋਂ ਕੋਈ ਵੀ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਅਮਿਤ ਜ਼ੋਸ਼ੀ, ਲੇਖਾਕਾਰ (94631-28101)।

**ਹੁਕਮ:**

ਅਪੀਲਕਰਤਾ ਅੱਜ ਹਾਜ਼ਰ ਨਹੀਂ ਹੋਇਆ ਪਰੰਤੂ ਉਸ ਵੱਲੋਂ ਆਪਣੇ ਨੁਮਾਇੰਦੇ, ਸ਼੍ਰੀ ਰਾਕੇਸ਼ ਕੁਮਾਰ ਗੁਪਤਾ, ਐਡਵੋਕੇਟ (ਮੋਬਾਇਲ ਨੰ:98149-24851) ਰਾਹੀਂ ਭੇਜੀ ਗਈ ਈ.ਮੇਲ, ਮਿਤੀ 24-06-2019 ਦੁਆਰਾ ਅੱਜ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਸੂਚਿਤ ਕਰਦੇ ਹੋਏ ਅਤੇ ਇਹ ਵੀ ਦੱਸਿਆ ਗਿਆ ਹੈ ਕਿ ਉਸ ਨੂੰ ਇਸ ਕੇਸ ਵਿੱਚ ਅਜੇ ਤੱਕ ਮੰਗੀ ਗਈ ਸੂਚਨਾ ਪ੍ਰਾਪਤ ਨਹੀਂ ਹੋਈ। ਇਸ ਤੋਂ ਇਲਾਵਾ ਉਸ ਵੱਲੋਂ ਇਹ ਵੀ ਸੂਚਿਤ ਕੀਤਾ ਗਿਆ ਹੈ ਕਿ ਉਸ ਨੂੰ ਕੁੱਝ ਕੇਸਾਂ ਵਿੱਚ ਸੂਚਨਾ ਪ੍ਰਾਪਤ ਹੋ ਚੁੱਕੀ ਹੈ ਅਤੇ ਉਨ੍ਹਾਂ ਕੇਸਾਂ ਵਿੱਚ ਉਸ ਵੱਲੋਂ ਉੱਤਰਦਾਤਾ ਨੂੰ ਸੂਚਨਾ ਪ੍ਰਾਪਤੀ ਦੀ ਰਸੀਦ ਵੀ ਦੇ ਦਿੱਤੀ ਗਈ ਹੈ।

2. ਅੱਜ ਪੇਸ਼ੀ ਤੇ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਅਮਿਤ ਜ਼ੋਸ਼ੀ, ਲੇਖਾਕਾਰ ਨੇ ਕਿਹਾ ਹੈ ਕਿ ਇਸ ਕੇਸ ਵਿੱਚ ਉਨ੍ਹਾਂ ਕੋਲ ਉਪਲਬਧ ਸਾਰੀ ਸੂਚਨਾ ਅਪੀਲਕਰਤਾ ਨੂੰ ਦਿੱਤੀ ਜਾ ਚੁੱਕੀ ਹੈ ਅਤੇ ਉਨ੍ਹਾਂ ਕੋਲ ਹੋਰ ਸੂਚਨਾ ਉਪਲਬਧ ਨਹੀਂ।ਉਸ ਵੱਲੋਂ ਇਸ ਸਬੰਧੀ ਹਲਫੀਆ-ਬਿਆਨ ਪੇਸ਼ ਕਰਨ ਦਾ ਭਰੋਸਾ ਦਿੰਦੇ ਸਮੇਂ ਦੀ ਮੰਗ ਕੀਤੀ ਗਈ ਹੈ। ਇਸ ਲਈ ਇਹ ਕੇਸ **ਅਗਲੀ ਸੁਣਵਾਈ ਮਿਤੀ 02-07-2019 ਨੂੰ 11.30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 24 ਜੂਨ, 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**